Under Print
Not for Legal/Official use

## PUNJAB VIDHAN SABHA

***Monday, the 5th August, 2019***

*The Vidhan Sabha met in the Punjab vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Rana K.P. Singh) in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ। ਹਾਂ ਜੀ, ਸਰਦਾਰ ਲਖਵੀਰ ਸਿੰਘ ਲੱਖਾ ਜੀ।

### ਉਮੀਦਵਾਰਾਂ ਨੂੰ ਇਮਤਿਹਾਨ ਵਿਚ ਮਿਲਣ ਵਾਲੇ ਮੌਕਿਆਂ ਦੀ ਗਿਣਤੀ ਵਧਾਉਣਾ

*2197. **ਸਰਦਾਰ ਲਖਵੀਰ ਸਿੰਘ ਲੱਖਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੀ.ਸੀ.ਐਸ. ਇਮਤਿਹਾਨਾਂ ਵਿਚ ਯੂ.ਪੀ.ਐਸ.ਸੀ. ਦੀ ਤਰਜ ਤੇ ਉਮੀਦਵਾਰਾਂ ਨੂੰ ਖਾਸ ਤੌਰ ਤੇ ਜੋ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹਨ, ਨੂੰ ਮਿਲਣ ਵਾਲੇ ਮੌਕਿਆਂ ਦੀ ਗਿਣਤੀ ਨੂੰ 4 ਤੋਂ ਵਧਾ ਕੇ 6 ਕਰਨ ਤੇ ਵਿਚਾਰ ਕਰੇਗੀ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ, ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜੋ ਯੂ.ਪੀ.ਐਸ.ਸੀ. ਦੇ ਨਿਯਮ ਹਨ, ਅਸੀਂ ਉਸ ਦੇ ਮੁਤਾਬਿਕ ਚੱਲਾਂਗੇ। ਜੋ ਵੀ ਯੂ.ਪੀ.ਐਸ.ਸੀ. ਦਾ ਨਿਯਮ ਹੈ which means unlimited tries, ਅਸੀਂ ਉਸ ਹਿਸਾਬ ਨਾਲ ਚੱਲਾਂਗੇ।(ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਲਖਵੀਰ ਸਿੰਘ ਲੱਖਾ:** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਯੂ.ਪੀ.ਐਸ.ਸੀ. ਦੇ ਨਿਯਮਾਂ ਨੂੰ follow ਕਰਕੇ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ unlimited chances ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਬੈਕਵਰਡ ਕਲਾਸਿਜ਼ ਵਾਲੇ ਭਰਾ ਹਨ, ਉਨ੍ਹਾਂ ਨੂੰ ਚਾਰ ਵਾਰ ਮੌਕਾ ਦਿੱਤਾ ਜਾਂਦਾ ਹੈ, ਕਿਰਪਾ ਕਰਕੇ ਉਨ੍ਹਾਂ ਨੂੰ ਵੀ ਇਸ ਨਿਯਮ ਵਿਚ ਸ਼ਾਮਲ ਕੀਤਾ ਜਾਵੇ ਜਾਂ ਫਿਰ ਉਨ੍ਹਾਂ ਨੂੰ ਵੀ 6 chances ਦਿੱਤੇ ਜਾਣ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਹੈ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਟੀਨੂ ਜੀ, ਜਵਾਬ ਆ ਗਿਆ ਹੈ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਯੂ.ਪੀ.ਐਸ.ਸੀ. ਦਾ ਨਿਯਮ ਪੜ੍ਹ ਦਿੰਦਾ ਹਾਂ "UPSC provides 6 chances for General Category, 9 for B.C. category and unlimited chances for S.C. category upto the age of 38".

**Mr. Speaker:** Matter ends.

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਹਾਂ ਜੀ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂੰ:** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦਾ ਇਹ ਸਵਾਲ ਪੀ.ਸੀ.ਐਸ. ਦੇ ਇਮਤਿਹਾਨਾਂ ਨਾਲ ਸਬੰਧਤ ਸੀ। 29 ਜੁਲਾਈ ਨੂੰ ਤਕਰੀਬਨ ਸਾਰੇ ਅਖਬਾਰਾਂ ਵਿਚ ਖਬਰ ਲੱਗੀ ਹੈ – "ਕੈਪਟਨ

Under Print
Not for Legal/Official use

ਸਰਕਾਰ ਨੇ ਕੀਤਾ ਚੁੱਪ-ਚਾਪ ਫੈਸਲਾ, ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਜੁਡੀਸ਼ੀਅਲ ਪ੍ਰੀਖਿਆ ਲਈ ਮਿਲਣਗੇ ਕੇਵਲ 4 ਮੌਕੇ"।

**ਮਾਨਯੋਗ ਸਪੀਕਰ:** ਟੀਨੂ ਜੀ, ਉਸ ਦਾ ਜਵਾਬ ਆ ਗਿਆ ਹੈ। ਜਵਾਬ ਆ ਗਿਆ ਹੈ। (ਵਿਘਨ..ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ:** ਜਿਹੜੀ ਖਬਰ ਆਈ ਹੈ, ਉਸ ਦਾ ਮਤਲਬ ਹੈ ਕਿ ਅੰਦਰ ਕੋਈ ਫੈਸਲਾ ਹੋਇਆ ਹੋਣਾ ਹੈ ਤਾਂ ਹੀ ਅਖਬਾਰ ਵਿਚ ਖਬਰ ਆਈ ਸੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਨਹੀਂ, ਨਹੀਂ। No, no. ਅਗਲਾ ਸਵਾਲ, ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਜੇਕਰ ਪੰਜਾਬ ਵਿਚ ਰੌਲਾ ਪਿਆ ਤਾਂ ਮੁੱਖ ਮੰਤਰੀ ਜੀ ਨੂੰ ਬਿਆਨ ਦੇਣਾ ਪਿਆ। (ਵਿਘਨ..ਸ਼ੋਰ) ਇਸ ਦੀ ਕਲੈਰੀਫਿਕੇਸ਼ਨ ਦਿੱਤੀ ਜਾਵੇ ਜੀ।

**ਮਾਨਯੋਗ ਸਪੀਕਰ:** ਨਹੀਂ, ਨਹੀਂ। No, no. ਅਗਲਾ ਸਵਾਲ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸ਼੍ਰੀ ਐਨ.ਕੇ. ਸ਼ਰਮਾ ਅਤੇ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿਚ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਟੀਨੂ ਜੀ, ਮੇਰੀ ਗੱਲ ਸੁਣੋ। ਟੀਨੂ ਜੀ, just listen, just listen. ਜਦੋਂ ਮੁੱਖ ਮੰਤਰੀ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਤਾਂ ਕੀ ਅਸੀਂ ਅਖ਼ਬਾਰਾਂ ਦੀਆਂ ਖ਼ਬਰਾਂ ਨੂੰ ਮਹੱਤਵ ਦਿਆਂਗੇ ਜਾਂ ਮੁੱਖ ਮੰਤਰੀ ਜੀ ਦੇ ਬਿਆਨ ਨੂੰ ਮਹੱਤਵ ਦਿਆਂਗੇ? ਜਦੋਂ ਮੁੱਖ ਮੰਤਰੀ ਜੀ ਨੇ ਬਿਆਨ ਦੇ ਦਿੱਤਾ ਤਾਂ matter ends. ਤੁਸੀਂ ਜੇਕਰ ਕੁਝ ਹੋਰ ਪੁੱਛਣਾ ਹੈ ਤਾਂ ਵੱਖਰੇ ਸਵਾਲ ਦਾ ਨੋਟਿਸ ਦੇ ਦਿਓ। ਹਾਂ ਜੀ, ਚੀਮਾ ਜੀ।

---

## ਦਿੜ੍ਹਬਾ ਵਿਖੇ ਫਾਇਰ ਬ੍ਰਿਗੇਡ ਦੀ ਸੁਵਿਧਾ ਦੇਣਾ

*2101. **ਸਰਦਾਰ ਹਰਪਾਲ ਸਿਘ ਚੀਮਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਿੜ੍ਹਬਾ ਸਬ-ਡਵੀਜ਼ਨ ਹੋਣ ਦੇ ਬਾਵਜੂਦ ਉੱਥੇ ਫਾਇਰ ਬ੍ਰਿਗੇਡ ਦੀ ਕੋਈ ਸੁਵਿਧਾ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਉੱਥੇ ਫਾਇਰ ਬ੍ਰਿਗੇਡ ਦੀ ਸੁਵਿਧਾ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਜੀ ਹਾਂ, ਦਿੜ੍ਹਬਾ ਵਿਖੇ ਇਸ ਸਮੇਂ ਫਾਇਰ ਸਟੇਸ਼ਨ ਸਥਾਪਤ ਨਹੀਂ ਹੈ। ਨਗਰ ਪੰਚਾਇਤ, ਦਿੜ੍ਹਬਾ ਦੀ ਹੱਦ ਤੋਂ 20 ਕਿਲੋਮੀਟਰ ਦੀ ਦੂਰੀ ਤੇ ਨਗਰ ਕੌਂਸਲ, ਸੁਨਾਮ ਵਿਖੇ ਸਥਾਪਤ ਸਾਂਝੇ ਫਾਇਰ ਸਟੇਸ਼ਨ ਤੋਂ ਸੇਵਾਵਾਂ ਲਈਆਂ ਜਾਂਦੀਆਂ ਹਨ। ਨਗਰ ਪੰਚਾਇਤ, ਦਿੜ੍ਹਬਾ ਵਿਖੇ ਫਾਇਰ ਸਟੇਸ਼ਨ ਸਥਾਪਤ ਕਰਨ ਸਬੰਧੀ ਇਸ ਸਮੇਂ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਦਿੜ੍ਹਬਾ ਹਲਕਾ ਲਗਭਗ 80-85 ਕਿਲੋਮੀਟਰ ਵਿਚ ਫੈਲਿਆ ਹੋਇਆ ਹੈ ਪਰ ਮੰਤਰੀ ਜੀ ਕੇਵਲ 20 ਕਿਲੋਮੀਟਰ ਦੀ ਗੱਲ ਕਰ ਰਹੇ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦਿੜ੍ਹਬਾ ਹਲਕਾ 80 ਕਿਲੋਮੀਟਰ ਵਿਚ ਫੈਲਿਆ ਹੋਇਆ ਹੈ ਪਰ ਤੁਸੀਂ ਜਵਾਬ ਕੇਵਲ 20 ਕਿਲੋਮੀਟਰ ਦਾ ਦਿੱਤਾ ਹੈ। ਇਹ ਦੱਸਿਆ ਜਾਵੇ ਕਿ ਇਹ ਕਦੋਂ ਤੱਕ ਹੋ ਸਕਦਾ ਹੈ?

**ਮੰਤਰੀ:** ਸਪੀਕਰ ਸਾਹਿਬ, ਸਾਡੇ ਲੀਡਰ ਆਫ ਦਿ ਆਪੋਜੀਸ਼ਨ ਬੜੇ ਸਤਿਕਾਰਯੋਗ ਹਨ, ਇਹ ਇਸ ਗੱਲ ਨੂੰ ਚੈੱਕ ਕਰ ਲੈਣ ਕਿ ਇਹ ਹਲਕਾ 80 ਕਿਲੋਮੀਟਰ ਵਿਚ ਨਹੀਂ ਫੈਲਿਆ ਹੋਇਆ। ਇਹ ਤਾਂ 10 ਕੁ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ, ਇਹ ਤਾਂ 20 ਕਿਲੋਮੀਟਰ ਵੀ ਨਹੀਂ ਬਣਦਾ, ਇਸ ਵਿਚ ਗਲਤੀ ਨਾਲ ਲਿਖਿਆ

Under Print
Not for Legal/Official use

ਗਿਆ ਹੈ। ਇਹ ਸੁਕੇਅਰ ਮਾਈਲਜ਼ ਦੇ ਹਿਸਾਬ ਨਾਲ ਹੈ। ਜਿਹੜੇ ਹਲਕੇ ਦੀ ਪਾਪੂਲੇਸ਼ਨ 50, 000 ਹੋਵੇ, ਉਥੇ ਇਕ ਫਾਇਰ ਸਟੇਸ਼ਨ ਦਿੱਤਾ ਜਾਂਦਾ ਹੈ ਜਦੋਂ ਕਿ ਇਨ੍ਹਾਂ ਦੇ ਹਲਕੇ ਦੀ ਪਾਪੂਲੇਸ਼ਨ 19, 000 ਦੇ ਲਗਭਗ ਹੈ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਇਹ ਚੀਮਾ ਜੀ ਦਾ ਸਵਾਲ ਹੈ, ਪਹਿਲਾਂ ਇਨ੍ਹਾਂ ਨੂੰ ਗੱਲ ਕਰ ਲੈਣ ਦਿਓ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੰਤਰੀ ਸਾਹਿਬ ਕਹਿ ਰਹੇ ਹਨ ਕਿ ਇਹ ਹਲਕਾ 20 ਕਿਲੋਮੀਟਰ ਦੂਰ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਹਾਈਵੇਅ ਕਰਕੇ ਇਸ ਤਰ੍ਹਾਂ ਲਗਦਾ ਹੈ ਪਰ ਇਹ ਘੱਟੋ ਘੱਟ 60-70 ਕਿਲੋਮੀਟਰ ਦੂਰ ਹੈ। ਸੋ, ਇਹ ਕਲੈਰੀਫਾਈ ਕਰਨ ਕਿ ਇਹ ਕਿੰਨੇ ਕਿਲੋਮੀਟਰ ਦੂਰ ਹੈ। ਮੰਤਰੀ ਸਾਹਿਬ ਨੂੰ ਇਸ ਬਾਰੇ ਪਤਾ ਨਹੀਂ ਹੈ। ਇਸ ਦੀ ਐਗਜ਼ੈਕਟ ਪੁਜੀਸ਼ਨ 60 ਕਿਲੋਮੀਟਰ ਬਣਦੀ ਹੈ।

**ਮਾਨਯੋਗ ਸਪਕੀਰ:** ਤੁਸੀਂ ਐਗਜ਼ੈਕਟ ਕਹਿੰਦੇ ਹੋ, ਮੰਤਰੀ ਜੀ ਉਹ ਪੜ੍ਹਦੇ ਹਨ, ਜੋ ਉਨ੍ਹਾਂ ਕੋਲ ਰਿਕਾਰਡ ਹੈ। ਹੁਣ ਇਸ ਤੇ ਕੀ ਫੈਸਲਾ ਕੀਤਾ ਜਾਵੇ?

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੰਤਰੀ ਜੀ ਬਿਆਨ ਦੇਣ ਕਿ ਇਹ ਕਦੋਂ ਤੱਕ ਹੋ ਸਕਦਾ ਹੈ? ਇਸ ਨੂੰ ਟਾਈਮ ਬਾਊਂਡ ਕਰ ਦੇਣ ਕਿ 6 ਮਹੀਨੇ ਜਾਂ ਚਾਰ ਮਹੀਨੇ ਲੱਗਣਗੇ।

**ਮਾਨਯੋਗ ਸਪਕੀਰ:** ਨਹੀਂ, ਨਹੀਂ। ਮੰਤਰੀ ਜੀ ਕਹਿ ਰਹੇ ਹਨ ਕਿ 50, 000 ਦੀ ਪਾਪੂਲੇਸ਼ਨ ਤੇ ਇਕ ਫਾਇਰ ਸਟੇਸ਼ਨ ਮਿਲਦਾ ਹੈ।

**ਮੰਤਰੀ:** ਸਪੀਕਰ ਸਾਹਿਬ, ਹੁਣ ਮੈਂ ਪਾਪੂਲੇਸ਼ਨ ਵਧਾਉਣ ਜਾਂ ਡਿਸਟੈਂਸ ਵਧਾਉਣ ਦਾ ਫੈਸਲਾ ਤਾਂ ਨਹੀਂ ਕਰ ਸਕਦਾ। Everybody knows ਕਿ ਸੁਨਾਮ ਤੋਂ ਦਿੜ੍ਹਬੇ ਦਾ ਡਿਸਟੈਂਸ ਕਿੰਨਾ ਹੈ। ਇਹ 80 ਕਿਲੋਮੀਟਰ ਕਿਸ ਤਰ੍ਹਾਂ ਕਹਿ ਰਹੇ ਹਨ, it is 10 sq.km. ਜਿਹੜੇ ਗੌਰਮਿੰਟ ਆਫ ਇੰਡੀਆ ਦੇ ਨਾਰਮਜ਼ ਹਨ, ਜਿਹੜੀਆਂ ਸਾਡੀ ਸਰਕਾਰ ਦੀਆਂ ਨਾਰਮਜ਼ ਹਨ, ਉਸ ਦੇ ਮੁਤਾਬਿਕ 10 ਕਿਲੋਮੀਟਰ ਬਣਦਾ ਹੈ। ਇਸ ਤੋਂ beyond ਅਸੀਂ ਦੇਣਾ ਹੈ। ਸਰ, ਮੈਂ ਦੱਸਦਾ ਹਾਂ, ਜਿਸ ਵੇਲੇ ਸੁਨਾਮ ਫਾਇਰ ਸਟੇਸ਼ਨ ਬਣਿਆ ਸੀ, ਉਸ ਦੇ ਨਾਲ ਦਿੜ੍ਹਬਾ ਅਤੇ ਪੰਜ ਹੋਰ Municipal Committees ਹੋਰ ਐਡ ਕੀਤੀਆਂ ਗਈਆਂ ਸਨ। ਮੈਂ ਸਾਰੀ ਡਿਟੇਲ ਇਨ੍ਹਾਂ ਨੂੰ ਦੱਸ ਦਿੰਦਾ ਹਾਂ। ਉਨ੍ਹਾਂ ਸਾਰਿਆਂ ਨੇ ਆਪਣੀ ਇਨਕਮ ਦਾ ਹਿੱਸਾ ਪਾਉਣਾ ਸੀ। ਉਨ੍ਹਾਂ ਨੇ ਇਹ ਹਿੱਸਾ ਨਹੀਂ ਪਾਇਆ ਹੈ। ਦਿੜ੍ਹਬੇ ਦੀ ਇਨਕਮ 2.26 ਕਰੋੜ ਰੁਪਿਆ ਹੈ ਪਰ ਸੈਲਰੀ ਬਿਲ 1.38 ਕਰੋੜ ਰੁਪਏ ਹੈ, ਜਿਸ ਨਾਲ 61% ਐਕਸਪੈਂਡੀਚਰ ਸੈਲਰੀ ਬਿਲਾਂ ਤੇ ਹੋ ਜਾਂਦਾ ਹੈ। ਅਸੀਂ ਟਾਈਮ-ਟੂ-ਟਾਈਮ ਸਾਰਾ ਕੁਝ ਵੇਖ ਰਹੇ ਹਾਂ। ਜਿਸ ਵੇਲੇ ਨਾਰਮਜ਼ ਨੂੰ ਦਿੜ੍ਹਬਾ ਕੰਪਲੀਟ ਕਰੇਗਾ we will do it. ਇਸ ਦੇ ਵਿੱਚ ਕਿਹੜੀ ਗੱਲ ਹੈ?

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਸੁਨਾਮ ਦੀ ਗੱਲ ਕੀਤੀ ਹੈ। ਵੈਸੇ ਤਾਂ ਕਈ ਸਾਲ ਦੀ ਉਡੀਕ ਤੋਂ ਬਾਅਦ ਸੁਨਾਮ ਨੂੰ ਇੱਕ ਫਾਇਰ ਬ੍ਰਿਗੇਡ ਮਿਲੀ ਹੈ ਅਤੇ ਉਸ ਵਿੱਚ ਵੀ ਪੰਜ ਮਿਊਂਸਿਪਲ ਕਮੇਟੀਆਂ ਨੂੰ ਐਡ ਕਰ ਦਿੱਤਾ ਗਿਆ ਹੈ। 20% ਸਟਾਫ ਵੀ ਉਸ ਦੇ ਮੁਤਾਬਿਕ ਕੰਮ ਕਰ ਰਿਹਾ ਹੈ ਜੇਕਰ ਅਸੀਂ ਨੈਸ਼ਨਲ, ਇੰਟਰਨੈਸ਼ਨਲ ਲੈਵਲ ਦੀ ਗੱਲ ਕਰ ਲਈਏ ਤਾਂ ਉਥੇ within two minutes it has to reach.

**ਮਾਨਯੋਗ ਸਪੀਕਰ:** ਅਮਨ ਜੀ, ਅਮਨ ਜੀ, ਅਮਨ ਜੀ, ਇਹ ਵੱਖਰਾ ਸਵਾਲ ਬਣਦਾ ਹੈ। ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਅਮਨ ਅਰੋੜਾ:** ਸਰ, ਸਵਾਲ ਤਾਂ ਵੱਡਾ ਹੈ ਕਿਉਂਕਿ ਜਨਰਲ ਗੱਲ ਚੱਲੀ ਹੈ। ਸਪੀਕਰ ਸਾਹਿਬ, ਜੇਕਰ ਹਾਈਵੇਅ ਤੋਂ ਵੀ ਦਿੜ੍ਹਬੇ ਗੱਡੀ ਜਾਏਗੀ ਤਾਂ ਘੱਟੋ ਘੱਟੋ ਪੌਣੇ ਘੰਟੇ ਤੋਂ ਪਹਿਲਾਂ ਗੱਡੀ ਨਹੀਂ ਪਹੁੰਚਦੀ।

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਕਹਿ ਲਈ ਹੈ। ਤੁਸੀਂ ਇਸ ਦਾ ਵੱਖਰਾ ਸਵਾਲ ਦਿਓ।

Under Print
Not for Legal/Official use

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਪੌਣੇ ਘੰਟੇ ਦਾ distance ਗੱਡੀ ਆਲਰੈਡੀ ਤੈਅ ਕਰਕੇ ਪਹੁੰਚੇਗੀ ਤੇ ਨਾਲ ਹੋਰ ਪੰਜ ਮਿਉਂਸਿਪਲ ਕਮੇਟੀਆਂ ਅਟੈਚ ਕੀਤੀਆਂ ਗਈਆਂ ਹਨ। (ਵਿਘਨ) This need verification and re-consideration. Thank you.

---

**ਭਲਾਈ ਵਿਭਾਗ ਦੇ ਦਫਤਰਾਂ ਨੂੰ ਇੱਕੋ ਛੱਤ ਥੱਲੇ ਲਿਆਉਣ ਬਾਰੇ।**

***2288.** 1. **ਸ਼੍ਰੀ ਪਵਨ ਕੁਮਾਰ ਟੀਨੂ:**
2. **ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:**
3. **ਡਾਕਟਰ ਸੁਖਵਿੰਦਰ ਕੁਮਾਰ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਦੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਜਾਤੀਆਂ ਦੀ ਭਲਾਈ ਨਾਲ ਸਬੰਧਤ ਹੇਠ ਲਿਖੇ ਦਫਤਰ:

1. ਅਨੂਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ;
2. ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ;
3. ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ;
4. ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਚੰਡੀਗੜ੍ਹ;
5. ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ; ਅਤੇ
6. ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

ਚੰਡੀਗੜ੍ਹ ਤੇ ਮੋਹਾਲੀ ਦੇ ਵੱਖ-ਵੱਖ ਸੈਕਟਰਾਂ ਵਿੱਚ ਕਿਰਾਏ ਦੀਆਂ ਪ੍ਰਾਈਵੇਟ ਇਮਾਰਤਾਂ ਵਿੱਚ ਕੰਮ ਕਰ ਰਹੇ ਹਨ ਜਿਸ ਦੇ ਕਿਰਾਏ ਦੀ ਅਦਾਇਗੀ ਦਾ ਸਰਕਾਰ ਤੇ ਭਾਰੀ ਵਿੱਤੀ ਬੋਝ ਪੈਂਦਾ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਪੰਜਾਬ ਸਰਕਾਰ ਦੇ ਸਾਲ 2016-17 ਦੌਰਾਨ, ਲੋਕ ਹਿੱਤ ਵਿੱਚ, ਉਪਰੋਕਤ ਭਾਗ (ੳ) ਵਿੱਚ ਵਰਣਿਤ ਵੱਖ-ਵੱਖ ਦਫਤਰਾਂ ਨੂੰ ਇੱਕ ਛੱਤ ਥੱਲੇ ਲਿਆਉਣ ਲਈ ਰਾਜ ਪੱਧਰ ਤੇ ਭਲਾਈ ਵਿਭਾਗ ਦੀ ਇਮਾਰਤ ਦੀ ਉਸਾਰੀ ਕਰਨ ਦਾ ਫੈਸਲਾ ਕੀਤਾ ਸੀ ਅਤੇ ਇਸ ਮੰਤਵ ਲਈ ਸਰਕਾਰ ਕੋਲ ਲੋੜੀਂਦਾ ਅਤੇ ਢੁੱਕਵਾਂ ਇੱਕ ਪਲਾਟ ਵੀ ਉਪਲਬਧ ਹੈ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਵੱਲੋਂ ਇਸ ਮੰਤਵ ਲਈ ਪ੍ਰਸਤਾਵਿਤ ਭਲਾਈ ਵਿਭਾਗ ਦੀ ਇੱਕ ਇਮਾਰਤ ਦੀ ਉਸਾਰੀ ਲਈ ਕੀ ਕਦਮ ਚੁੱਕੇ ਜਾਣ ਦੀ ਤਜਵੀਜ਼ ਹੈ?

**ਸਰਦਾਰ ਸਾਧੂ ਸਿੰਘ** : (ੳ) ਉਕਤ ਵਰਣਿਤ ਕੀਤੇ 6 ਦਫ਼ਤਰਾਂ ਵਿੱਚੋਂ ਲੜੀ ਨੰ: 1,2,5 ਅਤੇ 6 ਤੇ ਦਰਸਾਏ ਦਫ਼ਤਰ ਚੰਡੀਗੜ੍ਹ ਅਤੇ ਮੋਹਾਲੀ ਦੇ ਵੱਖ-ਵੱਖ ਸੈਕਟਰਾਂ ਵਿੱਚ ਕਿਰਾਏ ਦੀਆਂ ਇਮਾਰਤਾਂ ਵਿੱਚ ਕੰਮ ਕਰ ਰਹੇ ਹਨ, ਜਿਨ੍ਹਾਂ ਦਾ 112.44 ਲੱਖ ਰੁਪਏ ਸਾਲਾਨਾ ਕਿਰਾਏ ਵਜੋਂ ਸਰਕਾਰ ਤੇ ਵਿੱਤੀ ਬੋਝ ਪੈਂਦਾ ਹੈ। ਲੜੀ ਨੰ: 3 ਅਤੇ 4 ਤੇ ਦਰਸਾਏ ਦਫਤਰ ਸਰਕਾਰੀ ਇਮਾਰਤਾਂ ਵਿੱਚ ਚੱਲ ਰਹੇ ਹਨ;

(ਅ) ਸਰਕਾਰ ਦੇ ਸਾਲ 2017 ਦੇ ਫੈਸਲੇ ਅਨੁਸਾਰ ਉਕਤ ਦਰਸਾਏ ਦਫ਼ਤਰਾਂ ਨੂੰ ਇੱਕ ਛੱਤ ਥੱਲੇ ਲਿਆਉਣ ਲਈ ਪੰਜਾਬ ਅਨੁਸੂਚਿਤ ਜਾਤੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦਾ ਫੇਜ਼-9 ਮੁਹਾਲੀ ਵਿਖੇ ਇੱਕ ਏਕੜ ਦਾ ਪਲਾਟ ਹੈ;

(ੲ) ਬਿਲਡਿੰਗ ਦੀ ਉਸਾਰੀ ਲਈ ਗਮਾਡਾ ਵੱਲੋਂ Floor Area Ratio 1:2.5 ਦੱਸੀ ਗਈ ਹੈ ਅਤੇ ਇਸ ਨੂੰ ਵਧਾ ਕੇ 1:3.5 ਕਰਨ ਲਈ ਗਮਾਡਾ ਨਾਲ ਮਾਮਲਾ ਟੇਕ-ਅੱਪ ਕੀਤਾ ਗਿਆ ਹੈ।

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਅਤੇ ਸ਼ਡਿਊਲਡ ਕਾਸਟਸ ਸਬ ਪਲਾਨ ਦਾ ਦਫ਼ਤਰ, ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਆਦਿ ਦੇ ਦਫ਼ਤਰਾਂ ਉੱਤੇ ਕਰੋੜਾਂ ਰੁਪਿਆਂ ਦਾ ਬੋਝ ਹੈ। ਇਹ ਕਾਰਪੋਰੇਸ਼ਨਾਂ ਗਰੀਬਾਂ ਲਈ ਬਣਾਈਆਂ ਗਈਆਂ ਸਨ ਤਾਂ ਕਿ ਥੋੜ੍ਹੇ ਕਰਜ਼ੇ ਦੇ ਕੇ ਅਸੀਂ ਉਨ੍ਹਾਂ ਨੂੰ ਪੈਰਾਂ ਤੇ ਖੜੇ ਕਰ ਸਕੀਏ ਪਰੰਤੂ ਅੱਜ ਇਹ ਕਾਰਪੋਰੇਸ਼ਨਾਂ ਬੜੀਆਂ ਫਾਈਨਾਂਸ਼ੀਅਲ ਬੋਝ ਥੱਲੇ ਹਨ। ਮੰਤਰੀ ਜੀ ਨੇ ਦੱਸਿਆ ਹੈ ਕਿ ਇਨ੍ਹਾਂ ਕੋਲ ਜਗ੍ਹਾ ਵੀ ਹੈ। ਕੀ ਮੰਤਰੀ ਜੀ ਦੱਸਣਗੇ ਕਿ ਕਦੋਂ ਤੱਕ ਇਨ੍ਹਾਂ ਸਾਰੇ ਦਫ਼ਤਰਾਂ ਨੂੰ ਅਸੀਂ ਇੱਕ ਛੱਤ ਥੱਲੇ, ਇੱਕ ਬਿਲਡਿੰਗ ਵਿੱਚ ਲੈ ਆਵਾਂਗੇ ਤਾਂ ਕਿ ਕਰੋੜਾਂ ਰੁਪਿਆ ਜਿਹੜਾ ਕਿਰਾਏ ਦਾ ਜਾ ਰਿਹਾ ਹੈ, ਉਹ ਬਚ ਸਕੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਕੋਈ ਸਮਾਂ ਸੀਮਾ ਦੱਸ ਸਕਦੇ ਹੋ?

**ਮੰਤਰੀ:** ਸਰ, ਜੇਕਰ ਗਮਾਡਾ ਦੀਆਂ ਹਦਾਇਤਾਂ ਅਨੁਸਾਰ ਬਿਲਡਿੰਗ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਛੱਤਣ ਦਾ ਏਰੀਆ ਘੱਟ ਰਹਿ ਜਾਂਦਾ ਹੈ, ਜਿਸ ਕਾਰਨ ਸਾਰੇ ਦਫ਼ਤਰ ਇੱਕ ਛੱਤ ਥੱਲੇ ਨਹੀਂ ਆ ਸਕਦੇ। ਇਸ ਲਈ ਗਮਾਡਾ ਨਾਲ ਬਿਲਡਿੰਗ ਦੀ ਉਸਾਰੀ ਦੀਆਂ ਸ਼ਰਤਾਂ ਨਰਮ ਕਰਨ ਲਈ ਮਾਮਲਾ ਟੇਕ-ਅੱਪ ਕੀਤਾ ਗਿਆ ਹੈ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਗਮਾਡਾ ਦਾ ਵੀ ਫੈਸਲਾ ਸਰਕਾਰ ਨੇ ਹੀ ਲੈਣਾ ਹੈ। ਕੋਈ ਟਾਈਮ ਦੱਸ ਦੇਣ, ਸਾਲ-ਛੇ ਮਹੀਨੇ ਲੱਗਣੇ ਹਨ, ਇਹ ਦੱਸ ਦਿੱਤਾ ਜਾਵੇ ਤਾਂ ਚੰਗਾ ਹੈ। ਪਿਛਲੀ ਸਰਕਾਰ ਵਿੱਚ ਵਣ ਭਵਨ, ਵਿਕਾਸ ਭਵਨ, ਪੁੱਡਾ ਬਿਲਡਿੰਗ, ਐਕਸ ਸਰਵਿਸਮੈਨ ਕਾਰਪੋਰੇਸ਼ਨ ਭਵਨ, ਕਿਰਤ ਭਵਨ, ਸਕੂਲ ਐਜੂਕੇਸ਼ਨ ਬਿਲਡਿੰਗ, ਆਦਿ ਅਨੇਕਾਂ ਬਿਲਡਿੰਗਾਂ ਬਣੀਆਂ ਸਨ। ਮੇਰੇ ਖਿਆਲ ਵਿੱਚ ਇਹ ਬਿਲਡਿੰਗ ਵੀ ਬਣਨੀ ਬਹੁਤ ਜ਼ਰੂਰੀ ਹੈ ਤਾਂ ਕਿ ਜਿਹੜਾ ਗਰੀਬ ਲੋਕਾਂ ਤੇ ਬੋਝ ਹੈ, ਉਹ ਨਾ ਪਵੇ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਕੀ ਪੁੱਛਿਆ ਹੈ?

**ਸ਼੍ਰੀ ਪਵਨ ਕੁਮਾਰ ਟੀਨੂ**: ਮੈਂ ਤਾਂ ਟਾਈਮ ਪੁੱਛਿਆ ਹੈ ਕਿ ਕਦੋਂ ਤੱਕ ਹੋ ਜਾਵੇਗਾ?

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਕੋਈ ਸਮਾਂ ਸੀਮਾ ਦੱਸ ਸਕਦੇ ਹੋ? ਗੱਲ ਤਾਂ ਸਮਾਂ ਸੀਮਾ ਦੀ ਹੈ।

**ਮੰਤਰੀ**: ਜੀ ਸਰ, ਜਦੋਂ ਵੀ ਗਮਾਡਾ ਨਾਲ ਸ਼ਰਤਾਂ ਨਰਮ ਹੋ ਗਈਆਂ, (ਹਾਸਾ) ਸਾਡਾ ਫੈਸਲਾ ਹੋ ਗਿਆ ਤਾਂ ਦੋ ਸਾਲ ਦੇ ਅੰਦਰ-ਅੰਦਰ ਅਸੀਂ ਇਹ ਦਫ਼ਤਰ ਬਣਾ ਦਿਆਂਗੇ।

**ਸ਼੍ਰੀ ਪਵਨ ਕੁਮਾਰ ਟੀਨੂ**: ਸਪੀਕਰ ਸਾਹਿਬ....

**ਮਾਨਯੋਗ ਸਪੀਕਰ:** ਸਰਦਾਰ ਸਾਧੂ ਸਿੰਘ ਜੀ, ਗਮਾਡਾ ਵੀ ਤੁਹਾਡਾ ਹੀ ਹੈ, ਇਸ ਤਰ੍ਹਾਂ ਨਾ ਕਰੋ। ਇੱਕ ਮਿੰਟ ਟੀਨੂ ਜੀ, ਬੈਠੋ। ਗਮਾਡਾ ਵੀ ਤੁਹਾਡਾ ਹੀ ਹੈ।

**Minister:** Not my department.

**ਮਾਨਯੋਗ ਸਪੀਕਰ:** ਡਿਪਾਰਟਮੈਂਟ ਤੁਹਾਡਾ ਨਾ ਹੋਵੇ, you are part of the Government. How can you say so? ਤੁਸੀਂ ਇਹ ਗੱਲ ਕਿਸ ਤਰ੍ਹਾਂ ਕਹਿ ਸਕਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਕਿਸੇ ਮਹਿਕਮੇ ਨਾਲ ਬੈਠ ਕੇ ਟੇਕਅੱਪ ਕੀਤਾ ਜਾਂਦਾ ਹੈ, ਸਲਾਹ ਹੁੰਦੀ ਹੈ, ਮਸ਼ਵਰਾ ਹੁੰਦਾ ਹੈ, ਉਸ ਨਾਲ ਸਲਾਹ ਬਣਦੀ ਹੈ। ਮੈਂ ਕਿਹਾ ਹੈ ਕਿ ਜਦੋਂ ਵੀ ਫੈਸਲਾ ਹੋ ਗਿਆ, ਫੈਸਲਾ ਜਲਦੀ ਹੋਣ ਦੀ ਸੰਭਾਵਨਾ ਹੈ, ਮੁੱਖ ਮੰਤਰੀ ਜੀ ਬੈਠੇ ਹਨ, ਅਸੀਂ ਦੋ ਸਾਲ ਦੇ ਅੰਦਰ-ਅੰਦਰ ਬਣਾ ਦਿਆਂਗੇ।

Under Print
Not for Legal/Official use

**ਮਾਨਯੋਗ ਸਪੀਕਰ:** ਇਹ ਗੱਲ ਪਹਿਲਾਂ ਹੀ ਕਹਿ ਦਿੰਦੇ। ਹੋ ਗਈ ਹੁਣ ਗੱਲ, ਬੈਠੋ... ਬੈਠੋ... ਬੈਠੋ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇੱਕ ਸੈਕਿੰਡ ਜੀ, ਮੰਤਰੀ ਜੀ ਨੇ ਬੜਾ ਹੀ ਫੇਕ ਜਵਾਬ ਦਿੱਤਾ ਹੈ।

**ਮਾਨਯੋਗ ਸਪੀਕਰ:** ਬੈਠੋ... ਬੈਠੋ। ਨਹੀਂ, ਹੁਣ ਜਵਾਬ ਆ ਗਿਆ ਹੈ... ਜਵਾਬ ਆ ਗਿਆ ਹੈ... ਜਵਾਬ ਆ ਗਿਆ ਹੈ।

---

## ਸਰਕਾਰੀ ਕਾਲਜ, ਜੀਰਾ ਵਿੱਚ ਪ੍ਰਿੰਸੀਪਲ ਅਤੇ ਲੈਕਚਰਾਰਾਂ ਦੀਆਂ ਖਾਲੀ ਆਸਾਮੀਆਂ ਭਰਨਾ

*2213. **ਸਰਦਾਰ ਕੁਲਬੀਰ ਸਿੰਘ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਕਾਲਜ, ਜੀਰਾ ਵਿੱਚ ਪ੍ਰਿੰਸੀਪਲ ਅਤੇ ਲੈਕਚਰਾਰਾਂ ਦੀਆਂ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸਰਕਾਰੀ ਕਾਲਜ, ਜੀਰਾ ਵਿੱਚ ਪ੍ਰਿੰਸੀਪਲ ਦੀ ਖਾਲੀ ਪਈ ਅਸਾਮੀ ਨੂੰ ਭਰਨ ਸਬੰਧੀ ਸਰਕਾਰ ਵੱਲੋਂ ਵਿਭਾਗੀ ਤਰੱਕੀ ਕਮੇਟੀ (ਡੀ.ਪੀ.ਸੀ.) ਦੀ ਮੀਟਿੰਗ ਜਲਦ ਹੀ ਕਰਵਾਈ ਜਾ ਰਹੀ ਹੈ। ਡੀ.ਪੀ.ਸੀ. ਹੋਣ ਉਪਰੰਤ ਸਰਕਾਰੀ ਕਾਲਜ, ਜੀਰਾ ਵਿਖੇ ਪ੍ਰਿੰਸੀਪਲ ਦੀ ਖਾਲੀ ਪੋਸਟ ਭਰ ਦਿੱਤੀ ਜਾਵੇਗੀ ਜੀ।

ਸਰਕਾਰੀ ਕਾਲਜਾਂ ਵਿੱਚ ਅਸਿਸਟੈਂਟ ਪ੍ਰੋਫ਼ੈਸਰਾਂ ਦੀ ਰੈਗੂਲਰ ਭਰਤੀ ਉੱਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਰੋਕ ਲਗਾਈ ਹੋਈ ਹੈ। ਸਰਕਾਰ ਵੱਲੋਂ ਇਹ ਰੋਕ ਤੁੜਵਾਉਣ ਲਈ ਭਰਪੂਰ ਉਪਰਾਲੇ ਕੀਤੇ ਜਾ ਰਹੇ ਹਨ। ਮਾਨਯੋਗ ਹਾਈਕੋਰਟ ਵਲੋਂ ਜਦੋਂ ਵੀ ਇਹ ਰੋਕ ਹਟਾਈ ਜਾਂਦੀ ਹੈ, ਉਸ ਉਪਰੰਤ ਭਰਤੀ ਪ੍ਰਕ੍ਰਿਆ ਆਰੰਭ ਕਰ ਦਿੱਤੀ ਜਾਵੇਗੀ।

ਸਪੀਕਰ ਸਾਹਿਬ, ਤਾਜ਼ਾ ਸਥਿਤੀ ਇਹ ਹੈ ਕਿ ਡੀ.ਪੀ.ਸੀ. 14 ਤਰੀਕ ਨੂੰ ਹੋ ਰਹੀ ਹੈ। ਸਰਕਾਰੀ ਕਾਲਜ, ਜੀਰਾ ਵਿੱਚ ਜਿਹੜੀ ਪ੍ਰਿੰਸੀਪਲ ਦੀ ਅਸਾਮੀ ਖਾਲੀ ਪਈ ਹੈ, ਉਸ ਵਿੱਚ ਇਹ ਪੋਸਟ ਭਰ ਦਿੱਤੀ ਜਾਵੇਗੀ। ਜਿਹੜੀਆਂ ਸਰਕਾਰੀ ਕਾਲਜਾਂ ਵਿੱਚ ਲੈਕਚਰਾਰਾਂ ਦੀਆਂ ਪੋਸਟਾਂ ਖਾਲੀ ਹਨ, ਉਨ੍ਹਾਂ ਦੇ ਭਰਨ ਤੇ ਹਾਈਕੋਰਟ ਵੱਲੋਂ ਸਟੇਅ ਹੈ। ਅੱਜ ਡੇਟ ਲੱਗੀ ਹੈ, ਇਹ ਵੀ ਪਤਾ ਲੱਗਾ ਹੈ ਕਿ ਉੱਥੇ ਹੜਤਾਲ ਹੋ ਗਈ ਹੈ। ਜੇ ਅੱਜ ਕੇਸ ਲੱਗਿਆ ਤਾਂ ਸ਼ਾਇਦ ਸਟੇਅ ਵੈਕੇਟ ਹੋ ਜਾਵੇ ਤੇ ਬਹੁਤ ਛੇਤੀ ਜਿਹੜੀ ਇਹ ਪ੍ਰੋਫੈਸਰਾਂ ਦੀ ਭਰਤੀ ਦੀ ਕਾਰਵਾਈ ਹੈ, ਸ਼ੁਰੂ ਕੀਤੀ ਜਾਵੇਗੀ।

**ਸਰਦਾਰ ਕੁਲਬੀਰ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਤੇ ਇੱਕ ਬੇਨਤੀ ਵੀ ਕਰਦਾ ਹਾਂ ਕਿ ਤੁਸੀਂ ਇਹ ਪੋਸਟਾਂ ਜਲਦੀ ਤੋਂ ਜਲਦੀ ਭਰ ਦਿਓ ਕਿਉਂਕਿ ਇਹ ਸਵਾਲ ਮੇਰੇ ਇੱਕ ਮਿੱਤਰ ਨੇ ਸਾਲ 2018 ਵਿੱਚ ਵੀ ਲਗਾਇਆ ਸੀ। ਉਦੋਂ ਤਾਂ ਡਿਪਾਰਟਮੈਂਟ ਬਦਲ ਗਿਆ, ਇਹ ਨਾ ਹੋਵੇ ਕਿ ਫਿਰ ਕੋਈ ਇਹੋ ਜਿਹੀ ਗੱਲ ਹੋ ਜਾਵੇ, ਸਾਨੂੰ ਤੁਹਾਡੇ ਤੋਂ ਆਸ ਹੈ, ਇਨ੍ਹਾਂ ਪੋਸਟਾਂ ਨੂੰ ਜ਼ਰੂਰ ਭਰ ਦਿਓ ਜੀ।

**ਮੰਤਰੀ:** 14 ਤਰੀਕ ਨੂੰ ਪ੍ਰਿੰਸੀਪਲਾਂ ਦੀ ਡੀ.ਪੀ.ਸੀ. ਹੋ ਰਹੀ ਹੈ। ਬਾਕੀ ਮਸਲਾ ਹਾਈਕੋਰਟ ਵਿੱਚ ਹੈ ਅਤੇ ਹਾਈਕੋਰਟ ਨੇ ਹੀ ਇਸ ਤੇ ਫੈਸਲਾ ਕਰਨਾ ਹੈ।

**ਮਾਨਯੋਗ ਸਪੀਕਰ:** ਬੈਠੋ, ਬਾਜਵਾ ਸਾਹਿਬ।

---

Under Print
Not for Legal/Official use

## ਬਲਾਚੌਰ ਵਿਧਾਨ ਸਭਾ ਹਲਕੇ ਵਿੱਚ ਖੇਡ ਸਟੇਡੀਅਮ ਬਣਾਉਣਾ

*2267. **ਸ਼੍ਰੀ ਦਰਸ਼ਨ ਲਾਲ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਬਲਾਚੌਰ ਵਿਧਾਨ ਸਭਾ ਹਲਕਾ ਜਿਸ ਵਿੱਚ ਦੋ ਬਲਾਕ ਹਨ, ਪਰੰਤੂ ਕਿਸੇ ਵਿੱਚ ਵੀ ਖੇਡ ਸਟੇਡੀਅਮ ਨਹੀਂ ਹੈ। ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੋਵੇਂ ਬਲਾਕਾਂ ਵਿੱਚ ਇੱਕ-ਇੱਕ ਖੇਡ ਸਟੇਡੀਅਮ ਬਣਾਉਣ ਲਈ ਵਿਚਾਰ ਕਰੇਗੀ ਅਤੇ ਕਦੋਂ ਤੱਕ ਇਹ ਦੋਵੇਂ ਸਟੇਡੀਅਮਾਂ ਦੀ ਉਸਾਰੀ ਸ਼ੁਰੂ ਹੋ ਜਾਵੇਗੀ?

**ਰਾਣਾ ਗੁਰਮੀਤ ਸਿੰਘ ਸੋਢੀ:** ਸ਼੍ਰੀਮਾਨ ਜੀ, ਬਲਾਚੌਰ ਵਿਧਾਨ ਸਭਾ ਹਲਕੇ ਦੇ ਬਲਾਚੌਰ ਅਤੇ ਸਰੋਆ ਬਲਾਕ ਵਿੱਚ ਕੋਈ ਖੇਡ ਸਟੇਡੀਅਮ ਨਹੀਂ ਹੈ ਪਰੰਤੂ ਇਨ੍ਹਾਂ ਬਲਾਕਾਂ ਦੇ ਵੱਖ ਵੱਖ ਪਿੰਡਾਂ ਵਿੱਚ 09 ਖੇਡ ਦੇ ਮੈਦਾਨ ਹਨ। ਸਰਕਾਰ ਦੋਵਾਂ ਬਲਾਕਾਂ ਵਿੱਚੋਂ ਇੱਕ ਬਲਾਕ ਦੇ ਹੈੱਡਕੁਆਟਰ ਤੇ ਖੇਡ ਸਟੇਡੀਅਮ ਬਣਾਉਣ ਲਈ ਵਿਚਾਰ ਕਰੇਗੀ ਬਸ਼ਰਤੇ ਕਿ ਨਗਰ ਪੰਚਾਇਤ ਜਾਂ ਨੇੜੇ ਦੇ ਪਿੰਡ ਦੀ ਪੰਚਾਇਤ ਖੇਡ ਵਿਭਾਗ ਨੂੰ ਲਗਭਗ 8 ਤੋਂ 10 ਏਕੜ ਜ਼ਮੀਨ ਦੇਣ ਲਈ ਤਿਆਰ ਹੋਵੇ।

**ਸ਼੍ਰੀ ਦਰਸ਼ਨ ਲਾਲ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਦੋਹਾਂ ਬਲਾਕਾਂ ਵਿੱਚ ਸੌ-ਸੌ ਪਿੰਡ ਆਉਂਦਾ ਹੈ ਇਸ ਲਈ ਇੱਕ-ਇੱਕ ਬਲਾਕ ਵਿੱਚ ਇੱਕ-ਇੱਕ ਸਟੇਡੀਅਮ ਬਣਾਇਆ ਜਾਵੇ। ਜਿਹੜੀਆਂ ਇਹ ਸ਼ਰਤਾਂ ਦੱਸਦੇ ਹਨ ਕਿ ਜਿਹੜੇ 8 ਏਕੜ ਜਾਂ 10 ਏਕੜ ਜ਼ਮੀਨ ਦੇਣੀ ਹੈ, ਅਸੀਂ ਉਹ ਜ਼ਮੀਨ ਦੇਣ ਨੂੰ ਤਿਆਰ ਹਾਂ।

**ਮਾਨਯੋਗ ਸਪੀਕਰ:** ਸੋਢੀ ਸਾਹਿਬ, ਜ਼ਮੀਨ ਦੇਣ ਨੂੰ ਤਿਆਰ ਹਨ। ਕਹਿੰਦੇ ਹਨ ਕਿ ਅਸੀਂ ਜ਼ਮੀਨ ਦੇ ਦਿਆਂਗੇ।

**ਮੰਤਰੀ:** ਇਹ ਜ਼ਮੀਨ ਮੈਨੂੰ ਦੇ ਦੇਣ, ਸਪੋਰਟਸ ਡਿਪਾਰਟਮੈਂਟ ਦੇ ਨਾਂ ਕਰਵਾ ਦੇਣ, ਮਤਾ ਪਾਸ ਕਰਵਾ ਕੇ ਡਿਪਟੀ ਕਮਿਸ਼ਨਰ ਨੂੰ ਦੇ ਦੇਣ ਤੇ ਅਸੀਂ ਜ਼ਮੀਨ ਟ੍ਰਾਂਸਫਰ ਕਰਕੇ ਉਸ ਤੇ ਕਾਰਵਾਈ ਸ਼ੁਰੂ ਕਰ ਦਿਆਂਗੇ।

**ਮਾਨਯੋਗ ਸਪੀਕਰ:** ਧੰਨਵਾਦ।

**ਸ਼੍ਰੀ ਦਰਸ਼ਨ ਲਾਲ:** ਧੰਨਵਾਦ।

**ਸਰਦਾਰ ਨਵਤੇਜ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਰੇ 117 ਹਲਕਿਆਂ ਵਿੱਚ ਹੀ 8 ਜਾਂ 9 ਏਕੜ, ਜਿੰਨੀ ਜ਼ਮੀਨ ਚਾਹੀਦੀ ਹੈ,ਸਾਰੇ ਐਮ.ਐਲ.ਏ. ਸਾਹਿਬਾਨ ਬੈਠੇ ਹਨ ਅਤੇ ਸਾਰੇ ਹੀ ਜ਼ਮੀਨ ਲੈ ਕੇ ਦੇ ਦੇਣਗੇ। ਸਾਰੇ ਹਲਕਿਆਂ ਵਿੱਚ ਹੀ ਸਟੇਡੀਅਮ ਬਣਾਇਆ ਜਾਵੇ।

**ਮਾਨਯੋਗ ਸਪੀਕਰ:** ਇਹ ਸੈਪਰੇਟ ਸਵਾਲ ਬਣਦਾ ਹੈ... ਇਹ ਸੈਪਰੇਟ ਸਵਾਲ ਬਣਦਾ ਹੈ।

---

## ਇੰਜੀਨੀਅਰਿੰਗ ਕਾਲਜ ਸਥਾਪਿਤ ਕਰਨਾ

*2138. **ਸਰਦਾਰ ਸੰਤੋਖ ਸਿੰਘ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਾਬਾ ਬਕਾਲਾ ਚੋਣ ਹਲਕੇ, ਵਿੱਚ ਇੰਜੀਨੀਅਰਿੰਗ ਕਾਲਜ ਸਥਾਪਿਤ ਕਰਨ ਦਾ ਸਰਕਾਰ ਦਾ ਪ੍ਰਸਤਾਵ ਹੈ: ਜੇਕਰ ਹਾਂ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਕੀ ਇਲਾਕੇ ਵੱਲੋਂ ਜ਼ਮੀਨ ਦਿੱਤੇ ਜਾਣ ਤੇ ਸਰਕਾਰ ਕਾਲਜ ਸਥਾਪਿਤ ਕਰਨ ਤੇ ਵਿਚਾਰ ਕਰੇਗੀ?

**ਸਰਦਾਰ ਚਰਨਜੀਤ ਸਿੰਘ ਚੰਨੀ**: ਨਹੀਂ ਜੀ, ਇਸ ਇਲਾਕੇ ਵਿੱਚ ਹੋਰ ਇੰਜੀਨੀਅਰਿੰਗ ਕਾਲਜ ਸਥਾਪਤ ਕਰਨ ਦਾ ਸਰਕਾਰ ਦਾ ਵਿਚਾਰ ਨਹੀਂ ਹੈ।

Under Print
Not for Legal/Official use

**ਸਰਦਾਰ ਸੰਤੋਖ ਸਿੰਘ:** ਸਰ, ਮੈਂ ਬੇਨਤੀ ਕਰਦਾ ਹਾਂ ਕਿ ਸਾਡਾ ਹਲਕਾ ਮੰਡ ਦਾ ਏਰੀਆ ਹੈ, ਇੱਥੇ ਗਰੀਬ ਲੋਕ ਰਹਿੰਦੇ ਹਨ ਅਤੇ ਦੂਰ ਜਾ ਕੇ ਫ਼ੀਸਾਂ ਭਰਨ ਦੀ ਉਨ੍ਹਾਂ ਕੋਲ ਫ਼ੁਰਸਤ ਨਹੀਂ ਹੈ। ਮੇਰੀ ਬੇਨਤੀ ਹੈ ਕਿ ਸਾਡੇ ਕੋਲ ਬਿਲਡਿੰਗ ਖਾਲੀ ਹੈ, ਕਿਰਪਾ ਕਰਕੇ ਇਸ ਵੱਲ ਧਿਆਨ ਦਿੱਤਾ ਜਾਵੇ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਕੋਈ ਬਿਲਡਿੰਗ ਦੀ ਗੱਲ ਕੀਤੀ ਹੈ, ਮੈਂ ਆਪ ਚਲਾ ਜਾਵਾਂਗਾ ਅਤੇ ਉਸ ਬਿਲਡਿੰਗ ਦਾ ਪੂਰਾ ਸਰਵੇ ਕਰਵਾ ਕੇ ਵਾਇਆਬਿਲਟੀ ਦੇਖ ਲੈਂਦੇ ਹਾਂ। ਵੈਸੇ ਉੱਥੇ ਲਗਭਗ 4.5 ਕਿਲੋਮੀਟਰ ਤੇ ਸਠਿਆਲਾ ਪਿੰਡ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜਨਲ ਕੈਂਪਸ ਹੈ ਪਰ ਫਿਰ ਵੀ ਜੇ ਮੈਂਬਰ ਸਾਹਿਬ ਕਹਿੰਦੇ ਹਨ ਤਾਂ ਅਸੀਂ ਪੂਰਾ ਸਰਵੇ ਕਰਵਾ ਕੇ ਇਸ ਤੇ ਜ਼ਰੂਰ ਵਿਚਾਰ ਕਰਾਂਗੇ।

**ਸਰਦਾਰ ਸੰਤੋਖ ਸਿੰਘ:** ਜਿਹੜੇ ਸੈਂਟਰ ਦੀ ਇਹ ਗੱਲ ਕਰਦੇ ਹਨ ਉਹ ਇਸ ਸਾਲ ਬੰਦ ਕਰਕੇ ਅੰਮ੍ਰਿਤਸਰ ਲੈ ਗਏ ਹਨ। ਉਸ ਤੋਂ ਵੀ ਲੋਕ ਵਾਂਝੇ ਹੋ ਗਏ ਹਨ। ਮੇਰੀ ਬੇਨਤੀ ਹੈ ਕਿ ਇਸ ਵੱਲ ਜ਼ਰੂਰ ਜ਼ਿਆਦਾ ਧਿਆਨ ਦਿੱਤਾ ਜਾਵੇ ਜੀ। ਧੰਨਵਾਦ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. 2272***

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

**ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਲਗਾਉਣ ਲਈ ਜ਼ਮੀਨ ਐਕੁਆਇਰ ਕਰਨਾ**

*2219 **ਸ਼੍ਰੀ ਐਨ.ਕੇ. ਸ਼ਰਮਾ:** ਕੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਹਲਕਾ ਬਨੂੜ ਦੇ ਪਿੰਡ ਸਮਗੋਲੀ ਵਿਖੇ ਸਾਡਿਲ ਵੇਸਟ ਮੈਨੇਜਮੈਂਟ ਪਲਾਂਟ ਲਗਾਉਣ ਲਈ ਜੋ ਸਰਕਾਰ ਨੇ ਜ਼ਮੀਨ ਐਕੁਆਇਰ ਕਰਨੀ ਸੀ, ਉਹ ਜ਼ਮੀਨ ਐਕੁਆਇਰ ਕਰ ਲਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਮੰਤਵ ਲਈ ਪਿੰਡ ਦੇ ਕਿਨ੍ਹਾਂ-ਕਿਨ੍ਹਾਂ ਮਾਲਕਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਪਿੰਡ ਸਮਗੌਲੀ, ਤਹਿਸਲੀ ਡੇਰਾਬੱਸੀ ਵਿਖੇ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਸਥਾਪਤ ਕਰਨ ਲਈ 50 ਏਕੜ ਜ਼ਮੀਨ ਭੌਂ ਪ੍ਰਾਪਤੀ ਕਮ-ਉਪ ਮੰਡਲ ਮੈਜਿਸਟਰੇਟ, ਡੇਰਾਬੱਸੀ ਵੱਲੋਂ ਅਵਾਰ ਨੰ: 3 ਮਿਤੀ 10.05.2017 ਰਾਹੀਂ ਐਕੁਆਇਰ ਕਰ ਲਈ ਗਈ ਹੈ। ਉਪ ਮੰਡਲ ਮੈਜਿਸਟਰੇਟ, ਡੇਰਾਬੱਸੀ ਵੱਲੋਂ ਉਪਲਬਧ ਕਰਵਾਈ ਸੂਚਨਾ ਅਨੁਸਾਰ ਜਿਨ੍ਹਾਂ ਭੌਂ ਮਾਲਕਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਹੈ, ਉਨ੍ਹਾਂ ਦੇ ਵੇਰਵੇ 'ਅਨੁਲੱਗ- ੳ' ਅਨੁਸਾਰ ਨੱਥੀ ਕੀਤੇ ਜਾਂਦੇ ਹਨ:-

---

* For Starred Question No. 2272 and reply thereto please see_______.

Under Print
Not for Legal/Official use

(ਅਨੁਲੱਗ–ੳ)

c. As such, when these facts came to light the Competent Authority for Land Acquisition (CALA) i.e. SDM Derabassi referred this case to the referral court and deposited Rs.16,00,91,438/- in the referral court.

6. Further, an amount of Rs.4,69,46,787 is lying unclaimed with CALA. It is proposed to deposit this with the Treasury.

7. Along with the above, the Government Land included in the acquisition and Rs. 5,62,250 has been paid to FCR.

8. Further Course of Action:

   a. The Acquisition Proceeding has already been completed and the fact of some part of the land being surplus was only brought to light *after* the process. It is also pointed out that in case the land was surplus, it was not supposed to be acquired in the first place.

   b. The SWM Project is pending for want of land and the tender process could not be completed. As such it is proposed that the possession of the land be expeditiously delivered to the Department of Housing and Urban Development.

   c. The issue of compensation – whether to be made to owners who were mentioned in award or to Government as the land was actually surplus may be contended in the Reference Court.

   d. Further, it may be noted that the Hon'ble NGT has already mandated action on SWM in all MCs of Punjab and this project should not be kept pending.

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਜਿਹੜਾ ਮੈਨੂੰ ਜਵਾਬ ਆਇਆ ਹੈ ਉਸ ਵਿੱਚ 50% ਜ਼ਮੀਨ ਗੋਲਡਨ ਫੋਰੈਸਟ ਦੀ ਹੈ। ਇੱਕ ਲੈਂਡ ਮਾਫ਼ੀਆ ਨੇ ਗਲਤ ਢੰਗ ਨਾਲ ਓਰੀਜਨਲ ਓਨਰ ਤੋਂ ਰਜਿਸਟਰੀ ਕਰਵਾ ਕੇ ਇਹ ਜ਼ਮੀਨ ਐਕੁਆਇਰ ਕਰਵਾਉਣ ਵਾਸਤੇ ਗਮਾਡਾ ਕੋਲ ਪਰਸੀਡ ਕੀਤਾ। ਮੈਂ ਉਸ ਸਮੇਂ ਸਾਰੀ ਰਿਪੋਰਟ ਡਾਇਰੈਕਟਰ, ਲੋਕਲ ਬਾਡੀਜ਼ ਡਿਪਾਰਟਮੈਂਟ ਨੂੰ ਭੇਜੀ ਸੀ ਔਰ ਅੱਜ ਪ੍ਰਸ਼ਨ ਦੇ ਜਵਾਬ ਵਿੱਚ ਵੀ ਕਲੀਅਰ ਲਿਖਿਆ ਹੋਇਆ ਹੈ ਇਹ ਗਲਤ ਢੰਗ ਨਾਲ ਗੋਲਡਨ ਫੋਰੈਸਟ ਦੀ 50% ਲੈਂਡ ਐਕੁਆਇਰ ਹੋ ਗਈ। ਇਸ ਦੇ ਨਾਲ ਹੀ answer ਵਿੱਚ ਲਿਖਿਆ ਹੈ ਕਿ ਇਹ ਜ਼ਮੀਨ ਸਰਪਲੱਸ ਲੈਂਡ ਹੈ ਅਤੇ ਗੌਰਮਿੰਟ ਦੇ ਨਾਂ ਤੇ ਹੈ। ਇਸ ਸਰਪੱਲਸ ਲੈਂਡ ਬਾਰੇ ਇਨ੍ਹਾਂ ਦੇ answer ਵਿੱਚ ਲਿਖਿਆ ਹੈ: It is also pointed out that in case the land was surplus it was not supposed to be acquired. ਸਰਪਲੱਸ ਲੈਂਡ ਐਕੁਆਇਰ ਨਹੀਂ ਹੋ ਸਕਦੀ ਅਤੇ ਇਹ ਲੈਂਡਲੈੱਸ ਲੇਬਰਜ਼ ਨੂੰ ਡਿਵਾਈਡ ਹੁੰਦੀ ਹੈ। ਮਤਲਬ ਅੱਧੀ ਜ਼ਮੀਨ ਗਲਤ ਢੰਗ ਨਾਲ ਐਕੁਆਇਰ ਹੋਈ। ਮੈਂ ਉਸ ਸਮੇਂ ਇਹ ਕੁਐਸਚਨ ਬੜਾ ਰੇਜ਼ ਕੀਤਾ ਸੀ ਔਰ 6 ਸਾਲ ਇਹ ਜ਼ਮੀਨ acquisition ਤੋਂ ਰੁਕੀ ਰਹੀ। ਜਦੋਂ ਦੁਬਾਰਾ ਫਿਰ acquisition ਸ਼ੁਰੂ ਹੋਈ ਤਾਂ ਮੈਂ ਇੱਥੇ ਵਿਧਾਨ ਸਭਾ ਵਿੱਚ ਵੀ ਗੱਲ ਕੀਤੀ ਸੀ ਅਤੇ ਬਕਾਇਦਾ ਡਾਇਰੈਕਟਰ ਸਾਹਿਬ ਨੂੰ ਇਸ ਦੀ ਰਿਪੋਰਟ ਦਿੱਤੀ ਸੀ। ਇੱਕ ਤਾਂ ਇਹ ਜ਼ਮੀਨ 50% ਐਕੁਆਇਰ ਹੀ ਨਹੀਂ ਹੋ ਸਕਦੀ। ਦੂਸਰਾ, ਜਿੱਥੇ ਐਕੁਆਇਰ ਹੋ ਰਹੀ ਹੈ, ਉਹ 12 ਫੁੱਟ ਚੌੜੀ ਰੋਡ ਹੈ ਅਤੇ ਮਿਉਂਸਿਪੈਲਟੀ ਦੇ 20-25 ਟਰੱਕ ਉੱਥੋਂ ਨਿਕਲਣੇ ਪਾਸੀਬਲ ਹੀ ਨਹੀਂ ਹਨ। ਤੀਸਰਾ, ਉੱਥੇ ਹਜ਼ਾਰ ਸਾਲ ਪੁਰਾਣਾ ਕੁੰਤੀਕੁੰਡ ਹੈ ਜੋ ਕਿ ਬਹੁਤ ਧਾਰਮਿਕ ਅਤੇ ਇਤਿਹਾਸਕ ਸਥਾਨ ਹੈ ਅਤੇ ਇਹ ਬਿਲਕੁਲ ਹੀ ਉਸ ਦੇ ਜੜ੍ਹ ਵਿੱਚ ਹੈ। ਮੈਂ ਪਿਛਲੇ 5-6 ਸਾਲਾਂ ਤੋਂ ਲਗਾਤਾਰ ਇਹ ਮਸਲਾ ਉਠਾਉਂਦਾ ਰਿਹਾ ਹਾਂ ਕਿ ਉੱਥੇ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਟੈਕਨੀਕਲੀ ਵੀ ਨਹੀਂ ਬਣ ਸਕਦਾ ਅਤੇ ਲੈਂਡ ਵੀ ਗਲਤ ਐਕੁਆਇਰ ਹੋਈ ਹੈ। ਸੋ, ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹ ਜ਼ਮੀਨ ਡੀ-ਨੋਟੀਫਾਈ ਕਰਕੇ ਕਿਸੇ ਹੋਰ ਥਾਂ ਤੇ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਸ਼ਿਫਟ ਕੀਤਾ ਜਾਵੇ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ... ਸਵਾਲ ਪੁੱਛੋ।

**ਸ਼੍ਰੀ ਐਨ.ਕੇ. ਸ਼ਰਮਾ:** ਮੇਰਾ ਸਵਾਲ ਹੈ ਕਿ ਕੀ ਮੰਤਰੀ ਜੀ ਇਸ ਗਲਤ ਐਕੁਆਇਰ ਹੋਈ ਲੈਂਡ ਨੂੰ ਡੀ-ਨੋਟੀਫਾਈ ਕਰਨਗੇ?

**ਮੰਤਰੀ:** ਸਪੀਕਰ ਸਾਹਿਬ, ਗਮਾਡਾ ਦਾ ਕੰਮ ਪੈਸੇ ਦੇਣਾ ਸੀ। ਐਸ.ਡੀ.ਐਮ. ਸਾਹਿਬ ਨੇ ਇਸ ਦਾ ਅਵਾਰਡ ਕੀਤਾ ਅਤੇ 33 ਕਰੋੜ 61 ਲੱਖ ਬਣਾਇਆ ਸੀ, ਜਿਸ ਵਿੱਚੋਂ 31 ਕਰੋੜ 61 ਲੱਖ ਅਸੀਂ ਦੇ ਦਿੱਤਾ ਹੈ। ਜਿਹੜੀ ਗੱਲ ਇਹ ਕਰਦੇ ਹਨ, ਇਸ ਦੇ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਇਸ 23 ਏਕੜ ਵਿੱਚੋਂ ਸਾਰੇ ਬੰਦਿਆਂ ਨੂੰ ਅਜੇ ਪੈਸੇ ਨਹੀਂ ਗਏ।

**ਸ਼੍ਰੀ ਐਨ.ਕੇ. ਸ਼ਰਮਾ (ਬੈਠੇ-ਬੈਠੇ):** ਇਹ 24 ਏਕੜ ਹੈ ਜੀ।

**ਮੰਤਰੀ:** 23 ਪੁਆਇੰਟ ਸਮਥਿੰਗ ਹੈ 24 ਏਕੜ ਹੋਵੇਗੀ। ਉਸ ਦੇ ਵਿੱਚੋਂ 7 ਬੰਦਿਆਂ ਨੂੰ ਪੈਸੇ ਗਏ ਹਨ, ਬਾਕੀ ਪੈਸੇ ਐਸ.ਡੀ.ਐਮ. ਦੇ ਕੋਲ ਪਏ ਹਨ। 23 ਏਕੜ ਸਮਥਿੰਗ ਸਰਪੱਲਸ ਲੈਂਡ ਜੋ ਇਹ ਕਹਿੰਦੇ ਹਨ ਬਿਲਕੁਲ ਠੀਕ ਗੱਲ ਹੈ ਕਿ ਇਹ ਸਰਪਲੱਸ ਲੈਂਡ ਗੋਲਡਨ ਫੋਰੈਸਟ ਕੰਪਨੀ ਦੇ ਕੋਲ ਸੀ। ਜੇ ਇਹ ਸਮਝਦੇ ਹਨ, ਅਜੇ ਉਸ ਦਾ ਝਗੜਾ ਪਿਆ ਹੈ, ਅਜੇ ਉਨ੍ਹਾਂ ਨੂੰ ਕੋਈ ਪੈਸੇ ਨਹੀਂ ਗਏ। ਲੋਕਲ ਬਾਡੀਜ਼ ਮਨਿਸਟਰ ਇੱਥੇ ਬੈਠੇ ਹਨ, ਇਹ ਵੀ ਆ ਜਾਣ, ਅਸੀਂ ਮੀਟਿੰਗ ਕਰ ਲੈਂਦੇ ਹਾਂ। ਜੇ ਨਹੀਂ ਚਾਹੁੰਦੇ ਤਾਂ ਸਾਨੂੰ ਕੀ ਇਤਰਾਜ਼ ਹੈ, ਅਸੀਂ ਹੋਰ ਜਗ੍ਹਾ ਵੇਖ ਲੈਂਦੇ ਹਾਂ ਪਰ ਇੱਥੇ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਦੀ ਲੋੜ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਸ਼ਰਮਾ ਜੀ।

**ਸ਼੍ਰੀ ਐਨ.ਕੇ. ਸ਼ਰਮਾ:** ਠੀਕ ਹੈ ਜੀ, ਮੈਂ ਮੰਤਰੀ ਜੀ ਕੋਲ ਰਿਕਾਰਡ ਲੈ ਕੇ ਆ ਜਾਵਾਂਗਾ। ਇਹ ਜ਼ਮੀਨ ਟੈਕਨੀਕਲੀ ਅਤੇ ਲੀਗਲੀ ਐਕੁਆਇਰ ਹੋ ਹੀ ਨਹੀਂ ਸਕਦੀ।

**ਮਾਨਯੋਗ ਸਪੀਕਰ:** ਹੁਣ ਤਾਂ ਤੁਹਾਨੂੰ ਇਨਵੀਟੇਸ਼ਨ ਦੇ ਦਿੱਤਾ ਗਿਆ ਹੈ।

**ਸ਼੍ਰੀ ਐਨ.ਕੇ.ਸ਼ਰਮਾ:** ਮੈਂ ਧੰਨਵਾਦ ਕਰਦਾ ਹਾਂ ਜੀ। ਸਪੀਕਰ ਸਾਹਿਬ, ਡੇਟ ਜ਼ਰੂਰ ਫਿਕਸ ਕਰਵਾ ਦਿਓ।

**ਮਾਨਯੋਗ ਸਪੀਕਰ:** ਅਗਲਾ ਸਵਾਲ।

---

**ਸੰਗਰੂਰ ਜ਼ਿਲ੍ਹੇ ਵਿੱਚ ਸੀ.ਐਚ.ਸੀ. ਅਮਰਗੜ੍ਹ ਅਤੇ ਅਹਿਮਦਗੜ੍ਹ ਨੂੰ ਅਪਗ੍ਰੇਡ ਕਰਨਾ**

*2289. **ਸਰਦਾਰ ਸੁਰਜੀਤ ਸਿੰਘ ਧੀਮਾਨ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਸਰਕਾਰ ਸੰਗਰੂਰ ਜ਼ਿਲ੍ਹੇ ਵਿੱਚ ਸੀ.ਐਚ.ਸੀ. ਅਮਰਗੜ੍ਹ ਅਤੇ ਸੀ.ਐਚ.ਸੀ. ਅਹਿਮਦਗੜ੍ਹ ਦੇ ਦਰਜੇ ਨੂੰ ਪਹਿਲ ਦੇ ਆਧਾਰ ਤੇ ਅਪਗ੍ਰੇਡ ਕਰਨ ਤੇ ਵਿਚਾਰ ਕਰੇਗੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਬਲਬੀਰ ਸਿੰਘ ਸਿੱਧੂ:** (ੳ) ਅਤੇ (ਅ) ਨਹੀਂ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ। ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਹੜਾ ਹੈਲਥ ਦਾ ਸਿਸਟਮ ਹੈ, ਉਹ ਬਹੁਤ ਹੀ ਵਿਗੜਿਆ ਅਤੇ ਖਰਾਬ ਹੋਇਆ ਪਿਆ ਹੈ।ਜਿਸ ਇਲਾਕੇ ਅਤੇ ਜ਼ਿਲ੍ਹੇ ਦੇ ਹਸਪਤਾਲਾਂ ਦਾ ਇੰਨਾ ਮਾੜਾ ਹਾਲ ਹੋਵੇ, ਉਥੋਂ ਮਰੀਜ਼ ਠੀਕ ਹੋਣ ਦੀ ਆਸ ਨਹੀਂ ਕਰ ਸਕਦੇ।ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜਾ ਅਮਰਗੜ੍ਹ ਹਲਕਾ ਹੈ, ਉਸ ਨੂੰ ਲਗਭਗ 74 ਪਿੰਡਾਂ ਦਾ ਏਰੀਆ ਲਗਦਾ ਹੈ।ਪੇਂਡੂ ਲੋਕ ਗਰੀਬ ਹੋਣ ਕਾਰਨ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਨਹੀਂ ਕਰਵਾ ਸਕਦੇ। ਸਰ, ਸਰਕਾਰੀ ਹਸਪਤਾਲ ਵਿੱਚ ਨਾ ਤਾਂ ਡਾਕਟਰ ਪੂਰੇ ਹਨ ਅਤੇ ਨਾ ਹੀ ਹਸਪਤਾਲ ਦੀ ਪੁਜ਼ੀਸ਼ਨ ਵਧੀਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਹਸਪਤਾਲ ਨੂੰ ਅਪਗਰੇਡ ਕਰਨ ਲਈ ਵਿਚਾਰਿਆ ਜਾਵੇ ਕਿਉਂਕਿ ਇਸ ਨਾਲ ਜਿਹੜਾ ਗਰੀਬ ਤਬਕਾ ਹੈ, ਉਸ ਨੂੰ ਕਾਫ਼ੀ ਫ਼ਾਇਦਾ ਹੋਵੇਗਾ।ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਉਥੋਂ ਦੇ ਲੋਕਾਂ ਨੇ 15-20 ਦਿਨ ਪਹਿਲਾਂ ਧਰਨਾ ਵੀ ਦਿੱਤਾ ਸੀ। ਜਿਹੜਾ ਇਹ ਹਸਪਤਾਲ ਹੈ, ਇਸ ਨੂੰ ਰੈਫਰ ਸੈਂਟਰ ਦਾ ਨਾਂ ਦਿੱਤਾ ਗਿਆ ਹੈ ਕਿਉਂਕਿ ਮਲੇਰਕੋਟਲਾ, ਨਾਭਾ, ਲੁਧਿਆਣਾ ਤੋਂ ਆ ਕੇ ਪਟਿਆਲਾ ਵਿੱਚੋਂ ਜਿਹੜੀ ਮੇਨ ਰੋਡ ਲੰਘ ਕੇ ਚੰਡੀਗੜ੍ਹ ਜਾਂਦੀ ਹੈ ਉਸ ਉੱਪਰ ਅਕਸਰ ਹਾਦਸੇ ਵਾਪਰ ਜਾਂਦੇ ਹਨ।

**ਮਾਨਯੋਗ ਸਪੀਕਰ:** ਸਵਾਲ ਪੁੱਛੋ... ਸਵਾਲ ਪੁੱਛੋ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਰ, ਇਸ ਹਸਪਤਾਲ ਵਿੱਚ ਜਦੋਂ ਵੀ ਕੋਈ ਐਮਰਜੈਂਸੀ ਜਾਂਦੀ ਹੈ ਤਾਂ ਮਰੀਜ਼ਾਂ ਨੂੰ ਅੱਗੇ ਰੈਫਰ ਕਰ ਦਿੱਤਾ ਜਾਂਦਾ ਹੈ।ਜਿਹੜਾ ਸੀ.ਐਚ.ਸੀ. ਹਸਪਤਾਲ ਹੈ, ਉਸ ਦਾ ਨਾਂ ਹੀ ਰੈਫਰ ਹਸਪਤਾਲ ਰੱਖ ਦਿੱਤਾ ਗਿਆ ਹੈ।

**ਮਾਨਯੋਗ ਸਪੀਕਰ:** ਸਵਾਲ ਪੁੱਛੋ... ਸਵਾਲ ਪੁੱਛੋ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਰ, ਮੇਰਾ ਮੰਤਰੀ ਸਾਹਿਬ ਨੂੰ ਇਹੀ ਕਹਿਣਾ ਹੈ ਕਿ ਕੀ ਮੰਤਰੀ ਜੀ ਇਸ ਹਾਊਸ ਵਿੱਚ ਭਰੋਸਾ ਦੇਣਗੇ ਕਿ ਉਹ ਅਪਗ੍ਰੇਡ ਕਰਨ ਬਾਰੇ ਦੁਬਾਰਾ ਵਿਚਾਰ ਕਰਨਗੇ ਕਿਉਂਕਿ ਜਿਹੜਾ ਪੇਂਡੂ ਇਲਾਕਾ ਹੈ, ਉਹ ਸਿਹਤ ਸਹੂਲਤਾਂ ਤੋਂ ਵਾਂਝਾ ਰਹਿ ਗਿਆ ਹੈ।ਸਿਹਤ ਸਹੂਲਤਾਂ ਦਾ ਇੰਨਾ ਮਾੜਾ ਹਾਲ ਹੋਇਆ ਪਿਆ ਹੈ ਕਿ ਉਹ ਬਿਆਨ ਕਰਨਾ ਔਖਾ ਹੈ।

**ਮਾਨਯੋਗ ਸਪੀਕਰ:** ਸਵਾਲ ਪੁੱਛੋ... ਸਵਾਲ ਪੁੱਛੋ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਰ, ਮੈਂ ਸਵਾਲ ਹੀ ਪੁੱਛ ਰਿਹਾ ਹਾਂ ਜੀ। ਮੈਂ ਮੰਤਰੀ ਸਾਹਿਬ ਨੂੰ ਇਹੀ ਸਪਲੀਮੈਂਟਰੀ ਕਰ ਰਿਹਾ ਹਾਂ ਕਿ ਇਹ ਹਾਊਸ ਵਿੱਚ ਭਰੋਸਾ ਦੇਣ ਕਿ ਇਸ ਸਬੰਧੀ ਕਦੋਂ ਤੱਕ ਵਿਚਾਰ ਕੀਤਾ ਜਾਵੇਗਾ ਅਤੇ ਇਸ ਨੂੰ ਕਦੋਂ ਤੱਕ ਅਪਗਰੇਡ ਕੀਤਾ ਜਾਵੇਗਾ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਵਿਚਾਰ ਕਰੋਗੇ?

**ਮੰਤਰੀ:** ਸਪੀਕਰ ਸਾਹਿਬ, ਇਹ ਮੇਰੇ ਸੀਨੀਅਰ ਸਾਥੀ ਹਨ ਅਤੇ ਮੈਂ ਇਨ੍ਹਾਂ ਨੂੰ ਪੂਰਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਰਸਨਲੀ ਇੱਕ ਹਫ਼ਤੇ ਦੇ ਅੰਦਰ-ਅੰਦਰ ਵਿਜ਼ਟ ਕਰਕੇ ਸਾਰੇ ਹਾਲਾਤਾਂ ਨੂੰ ਜ਼ਰੂਰ ਦੇਖਾਂਗਾ ਔਰ ਜੋ ਕੁਝ ਹੋਵੇਗਾ, ਉਹ ਲਾਜ਼ਮੀ ਕੀਤਾ ਜਾਵੇਗਾ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਰ, ਇੱਕ ਗੱਲ ਹੋਰ ਮੈਂ ਕਹਿਣੀ ਚਾਹੁੰਦਾ ਹਾਂ ਕਿ ਹਾਲਾਤ ਇੰਨੇ ਮਾੜੇ ਹਨ। ਕੋਈ ਵੀ ਬੰਦਾ ਉਦੋਂ ਸੜਕਾਂ ਉੱਤੇ ਆਉਂਦਾ ਹੈ, ਜਦੋਂ ਮਸਲੇ ਦਾ ਕੋਈ ਹੱਲ ਨਾ ਨਿਕਲਦਾ ਹੋਵੇ।ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਕੱਲ੍ਹ ਨੂੰ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ...

**ਮਾਨਯੋਗ ਸਪੀਕਰ:** ਮੰਤਰੀ ਜੀ ਨੇ ਕਹਿ ਦਿੱਤਾ ਹੈ ਕਿ ਇੱਕ ਹਫ਼ਤੇ ਦੇ ਅੰਦਰ ਵਿਜ਼ਟ ਕਰਨਗੇ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਰ, ਜੇਕਰ ਕੱਲ੍ਹ ਨੂੰ ਕੋਈ ਵੀ ਸਮੱਸਿਆ ਆਉਂਦੀ ਹੈ ਜਾਂ ਧਰਨੇ ਤੇ ਲੋਕ ਸੜਕਾਂ ਉੱਤੇ ਆਉਂਦੇ ਹਨ ਤਾਂ ਉਨ੍ਹਾਂ ਨਾਲ ਧੀਮਾਨ ਨੂੰ ਵੀ ਸੜਕ ਤੇ ਬੈਠਣਾ ਪਵੇਗਾ। ਇਹ ਗੱਲ ਮੈਂ ਕਹਿਣੀ ਚਾਹੁੰਦਾ ਹਾਂ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ।ਸਰ, ਮੇਰਾ ਸਵਾਲ ਲੱਗ ਨਹੀਂ ਸਕਿਆ ਅਤੇ ਉਹ ਤਕਰੀਬਨ ਇਸ ਸਵਾਲ ਨਾਲ ਹੀ ਮਿਲਦਾ-ਜੁਲਦਾ ਹੈ।ਸਰ, ਮੇਰੇ ਹਲਕੇ ਸ਼ੇਰਪੁਰ ਵਿੱਚ ਪੰਜ ਡਾਕਟਰ ਸਮੇਤ ਐਸ.ਐਮ.ਓ. ਬਦਲੀ ਕਰਵਾ ਗਏ ਹਨ।ਮੈਂ ਮੰਤਰੀ ਸਾਹਿਬ ਨੂੰ ਮਿਲਿਆ ਵੀ ਸੀ ਪਰੰਤੂ ਇਨ੍ਹਾਂ ਨੇ ਕਿਹਾ ਸੀ ਕਿ ਦੋ ਡਾਕਟਰ ਭੇਜ ਦਿੱਤੇ ਗਏ ਹਨ ਪਰ ਉਥੇ ਹਾਲੇ ਤੱਕ ਡਾਕਟਰ ਨਹੀਂ ਆਏ ਅਤੇ ਨਾ ਹੀ ਕੋਈ ਉਥੇ ਆਉਣ ਲਈ ਤਿਆਰ ਹੈ ਕਿਉਂਕਿ ਉਹ 150 ਕਿਲੋਮੀਟਰ ਦੂਰ ਪੈਂਦਾ ਹੈ।

**ਮਾਨਯੋਗ ਸਪੀਕਰ:** ਇਸ ਦਾ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਲੋਕ ਧਰਨਿਆਂ ਉੱਤੇ ਬੈਠੇ ਹਨ।ਸਾਰੀਆਂ ਜਥੇਬੰਦੀਆਂ ਅਤੇ ਕਾਂਗਰਸੀ ਆਗੂਆਂ ਸਮੇਤ ਸਾਰੇ ਧਰਨੇ ਉੱਤੇ ਬੈਠੇ ਹਨ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ ਦੱਸ ਦਿਓ ਪਰੰਤੂ ਵੱਖਰਾ ਸਵਾਲ ਬਣਦਾ ਹੈ।

**ਮੰਤਰੀ:** ਸਪੀਕਰ ਸਾਹਿਬ, ਹਾਲੇ 31 ਤਰੀਕ ਨੂੰ ਬਦਲੀਆਂ ਕੀਤੀਆਂ ਗਈਆਂ ਹਨ। ਜੁਆਇੰਨਿੰਗ ਲਈ 7 ਦਿਨ ਦਾ ਟਾਈਮ ਹੁੰਦਾ ਹੈ।ਦੋ ਡਾਕਟਰ ਤੁਹਾਨੂੰ ਦਿੱਤੇ ਹਨ ਪਰ ਜੇਕਰ ਕੋਈ ਕਮੀ-ਪੇਸ਼ੀ ਹੈ ਤਾਂ ਦੋ ਹੋਰ ਦੇ ਦਿਆਂਗੇ।ਮੇਰਾ ਆਪਣਾ ਜ਼ਿਲ੍ਹਾ ਹੈ, ਮੇਰਾ ਜ਼ਿਲ੍ਹੇ ਨਾਲ ਪੂਰਾ ਪਿਆਰ ਹੈ।

**ਮਾਨਯੋਗ ਸਪੀਕਰ:** ਧੰਨਵਾਦ ਕਰ ਦਿਓ ਜੀ।

**ਸ਼੍ਰੀ ਕੁਲਵੰਤ ਸਿੰਘ ਪੰਡੋਰੀ:** ਧੰਨਵਾਦ ਜੀ।

---

**ਤਰਨਤਾਰਨ-ਜੰਡਿਆਲਾ ਰੋਡ ਤੇ ਪੈਂਦੀ ਰੇਲਵੇ ਲਾਈਨ ਤੇ ਰੇਲਵੇ ਅੰਡਰ ਪਾਸ ਦੀ ਉਸਾਰੀ**

*2222. **ਡਾਕਟਰ ਧਰਮਬੀਰ ਅਗਨੀਹੋਤਰੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਤਰਨਤਾਰਨ-ਜੰਡਿਆਲਾ ਰੋਡ ਤੇ ਪੈਂਦੀ ਰੇਲਵੇ ਲਾਈਨ ਤੇ ਰੇਲਵੇ ਅੰਡਰ ਪਾਸ ਦੀ ਉਸਾਰੀ ਲਈ ਕੀ ਕਦਮ ਚੁੱਕੇ ਗਏ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਲ ਦੀ ਘੜੀ ਤਰਨਤਾਰਨ-ਜੰਡਿਆਲਾ ਰੋਡ ਤੇ ਪੈਂਦੀ ਰੇਲਵੇ ਲਾਈਨ ਤੇ ਰੇਲਵੇ ਅੰਡਰ ਪਾਸ ਦੀ ਉਸਾਰੀ ਦੀ ਕੋਈ ਤਜਵੀਜ਼ ਨਹੀਂ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਾਲੇ ਤਾਂ ਇਸ ਦੀ ਕੋਈ ਤਜਵੀਜ਼ ਨਹੀਂ ਹੈ ਪਰ ਮੈਂਬਰ ਸਾਹਿਬ ਅਤੇ ਉਥੋਂ ਦੇ ਇਲਾਕੇ ਦੇ ਲੋਕਾਂ ਨੇ ਬੜੇ ਜ਼ੋਰਦਾਰ ਤਰੀਕੇ ਨਾਲ ਮੇਰੇ ਤੱਕ ਪਹੁੰਚ ਕਰਕੇ ਇਸ ਗੱਲ ਨੂੰ ਰੱਖਿਆ ਸੀ।ਸਰ, ਇਸ ਕਰਾਸਿੰਗ ਉੱਤੇ 2 ਲੱਖ ਦਾ ਟੀ.ਵੀ.ਯੂ. (Train Vehicle Unit) ਦਾ ਪ੍ਰੈਸ਼ਰ ਬਹੁਤ ਜ਼ਿਆਦਾ ਹੈ।ਇਹ ਰੋਡ ਮਿਊਂਸਪਲ ਕਮੇਟੀ ਦੀ ਹਦੂਦ ਥੱਲੇ ਆਉਂਦੀ ਹੈ। ਮੈਂ ਅੱਜ ਵੀ ਹਾਊਸ ਵਿੱਚ ਆ ਕੇ ਮੈਂਬਰ ਸਾਹਿਬ ਨੂੰ ਪੁੱਛਿਆ ਸੀ ਕਿ ਜੇਕਰ ਉਥੇ ਕੋਈ ਇਨਕਰੋਚਮੈਂਟ ਹੋਈ ਤਾਂ ਉਸ ਨੂੰ ਲੋਕਾਂ ਤੋਂ ਛੁਡਵਾ ਦਿਓ।ਫੇਰ ਅਸੀਂ ਇੱਕ ਸਾਲ ਦੇ ਅੰਦਰ ਇਸ ਤਜਵੀਜ਼ ਨੂੰ ਕੰਸੀਡਰ ਕਰ ਲਵਾਂਗੇ ਅਤੇ ਮਨਜ਼ੂਰੀ ਵਾਸਤੇ ਭੇਜਾਂਗੇ।

**ਡਾਕਟਰ ਧਰਮਬੀਰ ਅਗਨੀਹੋਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਐਤਕੀ ਬਜਟ ਪਾਸ ਹੋਇਆ ਹੈ ਉਸ ਵਿੱਚ ਪੀ.ਡਬਲਿਯੂ.ਡੀ. ਨੇ ਇਸ ਦਾ 12 ਕਰੋੜ 17 ਲੱਖ 56 ਹਜ਼ਾਰ ਰੁਪਏ ਦਾ ਐਸਟੀਮੇਟ ਲਗਾਇਆ ਹੈ। ਜਿੱਥੇ ਐਨਕ੍ਰੋਚਮੈਂਟ ਦੀ ਗੱਲ ਆਉਂਦੀ ਹੈ, ਅਸੀਂ ਆਪਣੀ ਮਿਊਂਸਿਪਲਟੀ ਵੱਲੋਂ ਇਸ ਨੂੰ ਹਟਵਾ ਦੇਵਾਂਗੇ ਤਾਂ ਜੋ ਇਸ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ।

**ਮੰਤਰੀ:** ਸਰ, ਮੈਂ ਪਹਿਲਾਂ ਹੀ ਕਿਹਾ ਹੈ ਕਿ ਐਸਟੀਮੇਟ ਵੀ ਅਸੀਂ ਲਗਾਇਆ ਹੈ ਅਤੇ ਇਸ ਗੱਲ ਦੀ ਜ਼ਰੂਰਤ ਵੀ ਹੈ। 12 ਕਰੋੜ ਰੁਪਿਆ ਵੀ ਅਸੀਂ ਮਨਜ਼ੂਰ ਕੀਤਾ ਹੈ। ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਵੀ ਇਸ ਪੈਸੇ ਤੇ ਮਨਜ਼ੂਰੀ ਦਿੱਤੀ ਹੈ।ਸਮੁੱਚੇ ਪੰਜਾਬ ਵਿੱਚ ਐਸੀਆਂ 36-37 ਲੋਕੇਸ਼ਨਜ਼ ਹਨ, ਜਿੱਥੇ ਕੋਈ ਵੀ ਐਨਕ੍ਰੋਚਮੈਂਟ ਨਹੀਂ ਹੈ ਅਤੇ ਉਨ੍ਹਾਂ ਨੂੰ ਵੀ ਅਸੀਂ Railway Works Programme ਪ੍ਰੋਗਰਾਮ ਵਾਸਤੇ ਆਪਣੇ ਵੱਲੋਂ ਭਾਰਤ ਸਰਕਾਰ ਨਾਲ ਟੇਕਅੱਪ ਕੀਤਾ ਹੈ।ਪੰਜਾਬ ਵਿੱਚ 78 bottlenecks ਵਿੱਚੋਂ 36 bottlenecks ਇਸ ਤਰ੍ਹਾਂ ਦੀਆਂ ਹਨ ਜਿਨ੍ਹਾਂ ਵਿੱਚ ਅਸੀਂ RUB's/ROB'S ਬਣਾ ਸਕਦੇ ਹਾਂ।ਉਨ੍ਹਾਂ ਨੂੰ ਵੀ ਅਸੀਂ ਟੇਕਅੱਪ ਕੀਤਾ ਹੈ and this is one of the same project.

**Mr. Speaker:** Thank you, thank you. ਹਾਂ ਜੀ, ਸ਼੍ਰੀ ਰਾਜਿੰਦਰ ਬੇਰੀ।

---

**ਸਿਨੇਮਾ ਘਰਾਂ ਅੰਦਰ ਖਾਣ-ਪੀਣ ਦੀਆਂ ਵਸਤੂਆਂ ਸਬੰਧੀ**

*2186. **ਸ਼੍ਰੀ ਰਜਿੰਦਰ ਬੇਰੀ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਮਹਾਰਾਸ਼ਟਰਾ ਵਿੱਚ ਬਾਹਰੋਂ ਖਾਣ-ਪੀਣ ਦਾ ਸਾਮਾਨ ਲਿਆਉਣ ਉੱਤੇ ਜੋ ਮਲਟੀਪਲੈਕਸ/ਪ੍ਰਾਈਵੇਟ ਸਿਨੇਮਾ ਮਾਲਕਾਂ ਨੇ ਪਾਬੰਦੀ ਲਗਾਈ ਸੀ, ਪਰ ਉਥੋਂ ਦੀ ਹਾਈ ਕੋਰਟ ਦੇ ਹੁਕਮਾਂ ਉੱਤੇ ਮਹਾਰਾਸ਼ਟਰ ਸਰਕਾਰ ਨੇ ਕਾਨੂੰਨ ਬਣਾ ਕੇ ਇਹ ਪਾਬੰਦੀ ਹਟਾ ਦਿੱਤੀ ਸੀ ਅਤੇ ਸਿਨੇਮਾ ਮਾਲਕਾਂ ਵੱਲੋਂ ਜੋ ਖਾਣ-ਪੀਣ ਦੀਆਂ ਵਸਤਾਂ ਦੇ ਅਨੁਚਿਤ ਤੌਰ ਉੱਤੇ ਬਹੁਤ ਹੀ ਜ਼ਿਆਦਾ ਰੇਟ ਚਾਰਜ ਕੀਤੇ ਜਾਂਦੇ ਹਨ, ਉਸ ਉੱਪਰ ਵੀ ਰੋਕ ਲਗਾ ਕੇ ਉਥੇ ਦੀ ਸਰਕਾਰ ਨੇ ਹਰ ਚੀਜ਼ ਦੇ Maximum Rate ਫਿਕਸ ਕਰ ਦਿੱਤੇ ਹਨ?

(ਅ) ਕੀ ਪੰਜਾਬ ਸਰਕਾਰ ਵੱਲੋਂ ਵੀ ਅਜਿਹਾ ਕਾਨੂੰਨ ਬਣਾਉਣ ਸਬੰਧੀ ਕੋਈ ਤਜਵੀਜ਼ ਵਿਚਾਰ ਅਧੀਨ ਹੈ; ਜੇ ਹਾਂ ਤਾਂ ਵਿਸਥਾਰ ਵਿੱਚ ਦੱਸਿਆ ਜਾਵੇ?

**ਸ਼੍ਰੀ ਭਾਰਤ ਭੂਸ਼ਣ ਆਸ਼ੂ**: (ੳ) ਮਹਾਰਾਸ਼ਟਰਾ ਰਾਜ ਵਿੱਚ ਮਲਟੀਪਲੈਕਸ/ਪ੍ਰਾਈਵੇਟ ਸਿਨੇਮਾ ਦੇ ਅੰਦਰ ਜਾਣ ਸਮੇਂ ਬਾਹਰੋਂ ਖਾਣ-ਪੀਣ ਦਾ ਸਮਾਨ ਅੰਦਰ ਲੈ ਜਾਣ ਸਬੰਧੀ ਅਤੇ ਮਹਾਰਾਸ਼ਟਰਾ ਸਰਕਾਰ ਵੱਲੋਂ ਮਲਟੀਪਲੈਕਸ ਦੇ ਅੰਦਰ ਵਿਕਣ ਵਾਲੇ ਸਮਾਨ ਦੀ ਵੱਧ ਤੋਂ ਵੱਧ ਵਸੂਲ ਕੀਤੀ ਜਾਣ ਵਾਲੀ ਕੀਮਤ ਨਿਰਧਾਰਤ ਕਰਨ ਦਾ ਮਾਮਲਾ ਦਫ਼ਤਰੀ ਰਿਕਾਰਡ ਅਨੁਸਾਰ ਸਰਕਾਰ ਦੇ ਧਿਆਨ ਵਿੱਚ ਨਹੀਂ ਹੈ।

ਲੀਗਲ ਮੈਟਰੋਲੋਜੀ ਐਕਟ, 2009 ਅਤੇ ਇਸ ਅਧੀਨ ਬਣੇ ਨਿਯਮਾਂ ਅਨੁਸਾਰ ਖਾਣ ਪੀਣ ਦੀਆਂ ਵਸਤੂਆਂ ਮਲਟੀਪਲੈਕਸ/ ਪ੍ਰਾਈਵੇਟ ਸਿਨੇਮਾ ਵਿੱਚ ਬਾਹਰ ਤੋਂ ਲਿਆਉਣ ਸਬੰਧੀ ਕੋਈ ਪਾਬੰਦੀ ਲਗਾਉਣ ਜਾਂ ਹਟਾਉਣ ਦਾ ਅਧਿਕਾਰੀ ਨਹੀਂ ਹੈ ਅਤੇ ਨਾ ਹੀ ਕਿਸੇ ਵਸਤੂ ਦੀ ਕੀਮਤ ਨਿਰਧਾਰਤ ਕਰਨ ਦਾ ਕੋਈ ਅਧਿਕਾਰ ਹੈ।

(ਅ) ਪੰਜਾਬ ਸਰਕਾਰ ਵੱਲੋਂ ਇਸ ਵਿਸ਼ੇ ਤੇ ਕੋਈ ਕਾਨੂੰਨ/ਰੂਲ ਬਣਾਉਣ ਸਬੰਧੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਅਤੇ ਨਾ ਹੀ ਅਜਿਹਾ ਕੋਈ ਅਧਿਕਾਰੀ ਲੀਗਲ ਮੈਟਰਲੋਜੀ ਐਕਟ, 2009 ਅੰਦਰ ਦਰਜ ਹੈ।

**ਸ਼੍ਰੀ ਰਜਿੰਦਰ ਬੇਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਵੱਲੋਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਪਰਿਵਾਰ ਖਾਸ ਤੌਰ ਤੇ ਜਿਹੜੇ ਪੀ.ਵੀ.ਆਰ ਮਾਲਜ਼ ਦੇ ਸਿਨਮਿਆਂ ਵਿੱਚ ਫਿਲਮ ਦੇਖਣ ਲਈ ਜਾਂਦਾ ਹੈ ਤਾਂ ਟਿਕਟ ਰਾਹੀਂ ਉਨ੍ਹਾਂ ਨੂੰ ਖਾਣ ਪੀਣ ਦਾ ਕੂਪਨ ਮੁਹੱਈਆ ਕਰਵਾਇਆ ਜਾਂਦਾ ਹੈ। ਜਿਨ੍ਹਾਂ ਦਾ ਰੇਟ ਬਾਹਰ ਨਾਲੋਂ ਬਹੁਤ ਜ਼ਿਆਦਾ ਹੁੰਦਾ ਹੈ। ਜਿਵੇਂ ਕਿ ਪਾਣੀ ਦੀ ਬੋਤਲ ਜਿਹੜੀ ਬਾਹਰ 15 ਜਾਂ 20 ਰੁਪਏ ਦੀ ਮਿਲ ਜਾਂਦੀ ਹੈ, ਉਹ ਅੰਦਰ 100/- ਰੁਪਏ ਦੀ ਦਿੱਤੀ ਜਾਂਦੀ ਹੈ। ਪੈਪਸੀ ਦੀ ਬੋਤਲ ਜਿਹੜੀ ਬਾਹਰ 30/- ਰੁਪਏ ਦੀ ਮਿਲਦੀ ਹੈ ਉਹ ਵੀ ਅੰਦਰ 200/- ਰੁਪਏ ਦੀ ਦਿੱਤੀ ਜਾਂਦੀ ਹੈ। ਇਸ ਦੇ ਨਾਲ ਬਹੁਤ ਵੱਡੀ ਲੁੱਟ ਖਸੁੱਟ ਪੈਂਦੀ ਹੈ। ਸਿਨਮਾ ਵਿੱਚ ਪਿਕਚਰ ਦੇਖਣ ਜਾਣ ਵਾਲਿਆਂ ਦੀ ਬਾਊਂਸਰਾਂ ਦੇ ਰਾਹੀਂ insult ਕੀਤੀ ਜਾਂਦੀ ਹੈ। ਮਹਾਰਾਸ਼ਟਰ ਦੇ ਐਕਟ ਬਾਰੇ ਮੈਂ ਇਨ੍ਹਾਂ ਨੂੰ ਦੱਸਿਆ ਹੈ ਅਤੇ ਮੈਂ ਕਾਪੀ ਵੀ ਪ੍ਰੋਵਾਈਡ ਕਰ ਦੇਵਾਂਗਾ। ਇਸ ਉੱਪਰ ਪੰਜਾਬ ਸਰਕਾਰ ਵੱਲੋਂ ਜ਼ਰੂਰ ਕੋਈ ਨਾ ਕੋਈ ਕਾਨੂੰਨ ਬਣਾਉਣਾ ਚਾਹੀਦਾ ਹੈ।

**ਮੰਤਰੀ:** ਜਿਹੜਾ ਸਮਾਨ ਮਲਟੀਪਲੈਕਸ ਜਾਂ ਪੀ.ਵੀ.ਆਰਜ਼ ਵਿੱਚ ਵਿਕਦਾ ਹੈ ਉਹ ਖੁੱਲ੍ਹੇ ਵਿੱਚ ਵਿਕਦਾ ਹੈ। ਅੰਦਰ dispensing ਮਸ਼ੀਨਾਂ ਲੱਗੀਆਂ ਹੁੰਦੀਆਂ ਹਨ। ਪੋਪਕਾਰਨ ਵਗੈਰਾ ਵੀ ਖੁੱਲ੍ਹੇ ਵਿੱਚ ਦਿੰਦੇ ਹਨ, ਉਹ packaged ਨਹੀਂ ਹੁੰਦਾ। packaged ਸਮਾਨ ਤੇ ਐਮ.ਆਰ.ਪੀ. ਵੀ ਲਿਖੀ ਹੁੰਦੀ ਹੈ, ਉਹ ਵੀ ਚੈੱਕ ਹੁੰਦੀ ਹੈ। ਇਸ ਵਾਸਤੇ Punjab Commodities Price Marking and Display Control Order, 1972 ਲਗਦਾ ਹੈ। ਇਸ ਮੁਤਾਬਕ ਉਨ੍ਹਾਂ ਨੂੰ ਆਪਣੇ ਪ੍ਰਾਈਸਿਜ਼ ਡਿਸਪਲੇਅ ਕਰਨੇ ਪੈਂਦੇ ਹਨ। ਉਸ ਤਰੀਕੇ ਨਾਲ ਵੀ ਚੈੱਕ ਕੀਤਾ ਜਾ ਸਕਦਾ

ਹੈ। ਜਿੱਥੋਂ ਤੱਕ ਇਨ੍ਹਾਂ ਨੇ ਮਹਾਰਾਸ਼ਟਰ ਸਰਕਾਰ ਦਾ ਕਿਹਾ ਹੈ, ਮਹਾਰਾਸ਼ਟਰ ਸਰਕਾਰ ਵਿੱਚ ਹਾਈ ਕੋਰਟ ਨੇ ਆਰਡਰ ਜ਼ਰੂਰ ਕੀਤਾ ਸੀ, subsequently ਸੁਪਰੀਮ ਕੋਰਟ ਨੇ ਉਸ ਤੇ ਸਟੇਅ ਕਰ ਦਿੱਤਾ ਹੈ। ਉੱਥੇ ਵੀ ਇਸ ਤਰ੍ਹਾਂ ਦਾ ਕੋਈ ਸਿਸਟਮ ਨਹੀਂ ਚੱਲ ਰਿਹਾ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਲਿਟੀਗੇਸ਼ਨਜ਼ ਪੈਂਡਿੰਗ ਸਨ ਜਿਹੜੀਆਂ ਸੁਪਰੀਮ ਕੋਰਟ ਨੇ ਇਕੱਠੀਆਂ ਕਰ ਲਈਆਂ ਹਨ। ਜੋ ਵੀ ਉਸ ਤੇ ਆਰਡਰ ਆਵੇਗਾ ਉਸ ਹਿਸਾਬ ਨਾਲ ਪੰਜਾਬ ਸਰਕਾਰ ਵੀ ਉਸ ਤੇ ਕਾਰਵਾਈ ਕਰ ਲਵੇਗੀ।

**ਮਾਨਯੋਗ ਸਪੀਕਰ:** ਬੇਰੀ ਸਾਹਿਬ, ਹੁਣ ਤਾਂ ਹੋ ਗਿਆ।

**ਸ਼੍ਰੀ ਰਜਿੰਦਰ ਬੇਰੀ:** ਸਪੀਕਰ ਸਾਹਿਬ, ਜਿਵੇਂ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਪੈਕਿੰਗ ਦੇ ਰੇਟ ਸਿਨਮਿਆਂ ਦੇ ਅੰਦਰ ਬਾਹਰ ਨਾਲੋਂ ਅਲੱਗ ਹੁੰਦੇ ਹਨ। ਹਰ ਚੀਜ਼ ਦੀ ਪੈਕਿੰਗ ਦਾ ਰੇਟ ਬਾਹਰ ਨਾਲੋਂ ਤਿਗਣੇ-ਚੌਗਣੇ ਦਰਾਂ ਦੇ ਹਿਸਾਬ ਨਾਲ ਲਏ ਜਾਂਦੇ ਹਨ। ਖਾਸ ਤੌਰ ਤੇ ਪਾਰਕਿੰਗ ਤੇ ਵੀ ਬੜੀ ਵੱਡੀ ਲੁੱਟ ਖਸੁੱਟ ਕੀਤੀ ਜਾਂਦੀ ਹੈ। ਮੈਂ ਮੰਤਰੀ ਸਾਹਿਬ ਦਾ ਧਿਆਨ ਇਸ ਪਾਸੇ ਵੀ ਦਿਵਾਉਣਾ ਚਾਹੁੰਦਾ ਹਾਂ।

**ਮੰਤਰੀ:** ਜਿੰਨੀ ਵੀ ਲੁੱਟ ਖਸੁੱਟ ਹੁੰਦੀ ਹੈ ਉਹ ਬਕਾਇਦਾ ਅਸੀਂ ਚੈੱਕ ਕਰਦੇ ਹਾਂ। ਫਿਰ ਵੀ ਜੇਕਰ ਤੁਹਾਨੂੰ ਲੱਗਦਾ ਹੈ ਜਾਂ ਇਸ ਤਰ੍ਹਾਂ ਦਾ ਕੋਈ ਕੇਸ ਆ ਰਿਹਾ ਹੈ ਤਾਂ ਸਾਨੂੰ ਦੱਸੋ ਤਾਂ ਕਿ ਅਸੀਂ ਡਿਸਪਲੇਅ ਆਰਡਰ ਅਤੇ ਕੰਟਰੋਲ ਆਰਡਰ ਦੇ ਤਹਿਤ ਚੈੱਕ ਕਰ ਸਕੀਏ ਜਾਂ ਲੀਗਲ ਮੈਟਰੋਲੋਜੀ ਐਕਟ ਦੇ ਤਹਿਤ ਚੈੱਕ ਕਰ ਸਕਦੇ ਹੋਈਏ।

**ਮਾਨਯੋਗ ਸਪੀਕਰ:** ਨੈਕਸਟ ਸਵਾਲ, ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ।

---

## ਝੋਨੇ ਦੀ ਲਵਾਈ ਦੀ ਤਰੀਕ ਬਦਲਣਾ

*2133. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਝੋਨੇ ਦੀ ਲਵਾਈ ਦੀ ਤਰੀਕ 20 ਜੂਨ ਤੋਂ ਬਦਲ ਕੇ 1 ਜੂਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦਾ ਵੇਰਵਾ ਕੀ ਹੈ?

**ਕੈਪਟਨ ਅਮਰਿੰਦਰ ਸਿੰਘ:** ਨਹੀਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਝੋਨੇ ਦੀ ਲਵਾਈ ਦਾ ਕੰਮ 1 ਜੂਨ ਨੂੰ ਕਰਨ ਦੀ ਮੰਗ ਸਾਰੇ ਪੰਜਾਬ ਦੀ ਹੈ ਔਰ ਇਹ ਗੱਲ ਬਿਲਕੁਲ ਠੀਕ ਹੈ ਕਿ ਵਾਟਰ ਟੇਬਲ ਕਾਰਨ ਰੋਕਣ ਦੀ ਕੋਸ਼ਿਸ਼ ਕੀਤੀ ਹੈ ਪਰ ਨਾਲ ਦੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਅਸੀਂ ਲੇਟ ਕਰਦੇ ਹਾਂ ਉਸ ਨਾਲ ਪੈਡੀ ਨੂੰ ਸਾੜਨ ਦੀ ਪ੍ਰਕਿਰਿਆ ਦੀ ਲੋੜ ਵਧ ਜਾਂਦੀ ਹੈ, ਜਿਸ ਦਾ ਪੂਰੇ ਦੇਸ਼ ਵਿੱਚ ਬਹੁਤ ਮਾੜਾ ਅਸਰ ਹੁੰਦਾ ਹੈ। ਇਸ ਵਾਸਤੇ ਸੀ.ਐਮ. ਸਾਹਿਬ ਨੇ ਬੜੀ ਵਧੀਆ ਪਹਿਲ ਕੀਤੀ ਸੀ। ਸ਼ਾਇਦ ਇਨ੍ਹਾਂ ਨੂੰ ਯਾਦ ਨਹੀਂ ਹੈ, ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇੱਕ ਆਲ ਪਾਰਟੀ ਮੀਟਿੰਗ ਬੁਲਾਉਣ ਦੀ ਗੱਲ ਕੀਤੀ ਸੀ। ਸਰ, ਇਹ ਬੜਾ ਬਰਨਿੰਗ ਇਸ਼ੂ ਹੈ।ਇਹ ਕਦਮ ਪੰਜਾਬ ਦੇ ਲੋਕਾਂ ਨੂੰ ਨੇੜੇ ਲਿਆਉਣ ਦੀ ਪ੍ਰਕਿਰਿਆ ਹੋਵੇਗੀ। ਤੁਸੀਂ ਇਹ ਤਰੀਕ 1 ਜੂਨ ਤੋਂ 5 ਜੂਨ ਕਰ ਦਿਓ ਜਾਂ ਸੱਤ ਕਰ ਦਿਓ।ਇਸ ਨਾਲ gesture ਇਹ ਜਾਵੇਗਾ ਕਿ ਤੁਹਾਡਾ ਪਾਣੀ ਦਾ ਨੁਕਸਾਨ ਤਾਂ ਹੁੰਦਾ ਹੈ ਪਰ ਪੈਡੀ ਦੀ ਜਿਹੜੀ ਜਲਾਉਣ ਦੀ ਪ੍ਰਕਿਰਿਆ ਹੈ ਇਸ ਤੋਂ ਥੋੜ੍ਹੀ ਜਿਹੀ ਨਿਜਾਤ ਜ਼ਰੂਰ ਮਿਲੇਗੀ ਕਿਉਂਕਿ ਸਮਾਂ ਬੜਾ ਘੱਟ ਜਾਂਦਾ ਹੈ। ਇਸ ਲਈ ਇਹ ਬੜਾ ਜ਼ਰੂਰੀ ਹੈ।ਸਰ, ਕੀ ਸੀ.ਐਮ. ਸਾਹਿਬ ਇਸ ਨੂੰ 1 ਜੂਨ ਤੋਂ 5 ਜੂਨ ਕਰ ਦੇਣਗੇ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਆਪਣੇ ਸੂਬੇ ਅਤੇ ਦੇਸ਼ ਵਿਚ ਪਾਣੀ ਦੀ ਬੜੀ ਪ੍ਰਾਬਲਮ ਹੈ, ਇਹ ਗੱਲ ਸਾਰੇ ਜਾਣਦੇ ਹਨ। Projections ਹਨ ਕਿ ਅਗਲੇ 10-15 ਸਾਲਾਂ ਦੇ ਵਿਚ ਪੰਜਾਬ ਰੇਗਿਸਤਾਨ ਬਣ ਜਾਵੇਗਾ। ਜਦੋਂ ਇਹ ਹਾਲ ਹੈ ਤਾਂ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਹੋਈਏ ਜਾਂ ਨਾ ਹੋਈਏ ਪਰ ਸਾਡੀ ਆਉਣ ਵਾਲੀ ਪੀੜ੍ਹੀ ਤਾਂ ਹੋਵੇਗੀ ਅਤੇ ਉਨ੍ਹਾਂ ਵਾਸਤੇ ਆਪਾਂ ਕਿਹੋ-ਜਿਹਾ ਪੰਜਾਬ ਛੱਡ ਕੇ ਜਾਵਾਂਗੇ? ਅੱਜ ਅਸੀਂ ਇਹ ਤਰੀਕ 13 ਜੂਨ ਤੱਕ ਲੈ ਆਏ ਹਾਂ ਪਰ ਜੇ ਅਸੀਂ ਇਸ ਨੂੰ ਪਹਿਲੀ ਜੂਨ ਤੇ ਲੈ ਆਵਾਂਗੇ ਤਾਂ ਜੂਨ ਦਾ ਮਹੀਨਾ ਡਰਾਈ ਮਹੀਨਾ ਹੁੰਦਾ ਹੈ। ਇਸ ਮਹੀਨੇ ਪਾਣੀ ਅਤੇ ਬਿਜਲੀ ਦੀ ਜ਼ਿਆਦਾ ਰਿਕੁਆਇਰਮੈਂਟ ਹੋ ਜਾਂਦੀ ਹੈ। ਇਸ ਮਹੀਨੇ ਪੰਪਿੰਗ ਜ਼ਿਆਦਾ ਹੋ ਜਾਂਦੀ ਹੈ, ਪਾਣੀ ਦੀ ਡਿਮਾਂਡ ਜ਼ਿਆਦਾ ਹੋ ਜਾਂਦੀ ਹੈ। So it is not possible at all ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਬਿਲਕੁਲ ਵੀ ਪਾਸਿਬਿਲਟੀ ਨਹੀਂ ਹੈ ਕਿ ਅਸੀਂ ਇਸ ਨੂੰ ਅਡਵਾਂਸ ਵਿਚ ਲੈ ਕੇ ਆਈਏ। ਜਿੱਥੋਂ ਤੱਕ ਫਿਊਚਰ ਦੀ ਗੱਲ ਹੈ, ਇਸ ਵਾਸਤੇ ਮੈਂ ਇੱਕ ਆਲ ਪਾਰਟੀ ਮੀਟਿੰਗ ਰੱਖਾਂਗਾ, ਜਿਵੇਂ ਤੁਸੀਂ ਮੰਗ ਕੀਤੀ ਹੈ। ਇਸ ਵਿਚ ਸਾਨੂੰ ਕਰਾਪਿੰਗ ਪੈਟਰਨ ਬਾਰੇ ਵੀ ਗੱਲ ਕਰਨੀ ਪਵੇਗੀ, ਇਰੀਗੇਸ਼ਨ ਸਿਸਟਮ ਬਾਰੇ ਗੱਲ ਕਰਨੀ ਪਵੇਗੀ। ਫਲੱਡ ਇਰੀਗੇਸ਼ਨ ਬਾਰੇ ਗੱਲ ਕਰਨੀ ਪਵੇਗੀ ਜੋ ਕਿ ਪੰਜਾਬ ਨੂੰ ਬਿਲਕੁਲ ਤਬਾਹ ਕਰ ਰਿਹਾ ਹੈ। ਡਰਿੱਪ ਇਰੀਗੇਸ਼ਨ ਵਿਚ ਜਾਣਾ ਪੈਣਾ ਹੈ। We have to go to sprinkle irrigation. ਇਹ ਸਾਰੀਆਂ ਚੀਜ਼ਾਂ ਸਾਨੂੰ ਕਰਨੀਆਂ ਪੈਣਗੀਆਂ। ਇਸ ਵਾਸਤੇ we will take all precaution. ਸਾਰਿਆਂ ਦੀ ਇਸ ਵਿਚ ਰਾਏ ਲਵਾਂਗੇ ਕਿ ਆਪਾਂ ਪੰਜਾਬ ਦਾ ਫਿਊਚਰ ਕਿਵੇਂ ਬਚਾ ਸਕਦੇ ਹਾਂ। ਮੈਂ ਰਫਲੀ ਸਿਚੁਏਸ਼ਨ ਦੱਸਣਾ ਚਾਹੁੰਦਾ ਹਾਂ ਕਿ 85% of Punjab is in the zone which is going to be critical zone ਜਿਸ ਵਿਚੋਂ ਐਨੁਅਲੀ ਮੌਜੂਦਾ ਪਾਣੀ ਵਿੱਚੋਂ ਹਾਫ਼ ਪਾਣੀ deplete ਹੋ ਰਿਹਾ ਹੈ। ਇਸ ਵਾਸਤੇ ਸਾਡੀ PAU ਨੇ ਵੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਝੋਨਾ 130-135 ਦਿਨਾਂ ਵਿਚ ਤਿਆਰ ਹੁੰਦਾ ਸੀ ਇਸ ਵਾਸਤੇ 5 ਵੈਰਾਇਟੀਜ਼ ਰਿਲੀਜ਼ ਕੀਤੀਆਂ ਹਨ, which is 93 days to 117 days. ਇਨ੍ਹਾਂ ਵਿੱਚੋਂ ਬੀ.ਆਰ. 121 ਦੀ ਬਿਜਾਈ 8 ਤੋਂ 13 ਦਿਨਾਂ ਤੱਕ ਲੱਗ ਜਾਂਦੀ ਹੈ। So we are bringing it forward ਤਾਂ ਕਿ ਕਣਕ ਦੀ ਬਿਜਾਈ ਤੇ ਇਸ ਦਾ ਕੋਈ ਅਸਰ ਨਾ ਪਵੇ। ਇੱਕ ਤਾਂ ਇਹ ਹੈ। ਦੂਸਰਾ, we must understand not only ground water, ਅੱਜ ਜਿਹੜਾ ਰਿਵਰ ਦਾ ਪਾਣੀ ਹੈ, Eradi Commission ਰਿਵਾਰਡ ਕੀਤੀ ਗਈ ਸੀ, ਉਨ੍ਹਾਂ ਨੇ ਪੜਤਾਲ ਕਰਕੇ ਪੰਜਾਬ ਦੀਆਂ ਨਦੀਆਂ ਦਾ ਪਾਣੀ 71.1 MAF ਦੱਸਿਆ ਸੀ। ਇਸ ਕਰਕੇ ਐਸ.ਵਾਈ.ਐਲ. ਬਣਨੀ ਸੀ। ਹੁਣ ਇਹ ਪਾਣੀ 13 ਐਮ.ਏ.ਐਫ. ਤੇ ਆ ਗਿਆ ਸੀ। ਗਲੇਸ਼ੀਅਰ ਮੈਲਟ ਹੋ ਰਹੇ ਹਨ, ਗਰੀਨ ਹਾਊਸ ਇਫੈਕਟ ਬੜਾ ਮੇਜਰ ਹੋ ਗਿਆ ਹੈ। ਉਧਰਲੇ ਪਾਸੇ ਗਲੇਸ਼ੀਅਰ ਨਹੀਂ ਬਚਣੇ, ਜਿਸ ਕਾਰਨ ਨਦੀਆਂ ਵਿਚ ਪਾਣੀ ਨਹੀਂ ਰਹਿਣਾ ਅਤੇ ਧਰਤੀ ਦਾ ਪਾਣੀ ਖਤਮ ਹੋ ਜਾਣਾ ਹੈ। ਫੇਰ ਤੁਸੀਂ ਆਪ ਸੋਚੋ ਕਿ ਪੰਜਾਬ ਦਾ ਕੀ ਬਣੇਗਾ? ਇਹ ਜੋ ਮੈਂਬਰ ਸਾਹਿਬ ਦੀ ਰਿਕੁਐਸਟ ਹੈ we cannot agree on it.

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਪਾਣੀ ਦੀ ਸਮੱਸਿਆ ਬਾਰੇ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਆਪਣੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ, ਇਨ੍ਹਾਂ ਨੇ ਬਿਲਕੁਲ ਵਾਜਿਬ ਕਿਹਾ ਹੈ ਪਰ ਆਪਾਂ ਇਹ ਜ਼ਿੰਮੇਵਾਰੀ ਕਿਤੇ ਨਾ ਕਿਤੇ ਕੇਵਲ ਕਿਸਾਨ ਤੇ ਪਾ ਦਿੱਤੀ ਹੈ। ਅੱਜ ਇਰੀਗੇਸ਼ਨ ਸਿਸਟਮ ਵਿੱਚ ਨਹਿਰਾਂ ਦਾ ਇਹ ਹਾਲ ਹੈ ਕਿ ਟੇਲਾਂ ਤੱਕ ਪਾਣੀ ਨਹੀਂ ਪਹੁੰਚਦਾ। ਪੰਜਾਬ ਵਿਚ ਇਰੀਗੇਸ਼ਨ ਡਿਪਾਰਟਮੈਂਟ ਦਾ 100 ਕਰੋੜ ਤੋਂ ਵੀ ਘੱਟ ਦਾ ਬਜਟ ਹੈ। ਇਸ ਸਬੰਧੀ ਮੈਂ ਸਮਝਦਾ ਹਾਂ ਕਿ ਅੱਜ ਦੇ ਮੌਕੇ ਜਦੋਂ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ ਅਤੇ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ, ਇਸ ਨੂੰ ਦੇਖਦੇ ਹੋਏ ਸਭ ਤੋਂ ਵੱਡਾ

ਬਜਟ ਸਿਹਤ ਅਤੇ ਐਜੂਕੇਸ਼ਨ ਦੇ ਨਾਲ ਇਰੀਗੇਸ਼ਨ ਡਿਪਾਰਟਮੈਂਟ ਦਾ ਹੋਣਾ ਚਾਹੀਦਾ ਹੈ।ਦੂਜਾ, ਜਿਹੜਾ 20 ਜੂਨ ਦਾ ਮਸਲਾ ਹੈ, ਇਸ ਨਾਲ ਦੋ ਪ੍ਰੈਕਟੀਕਲ ਸਮੱਸਿਆਵਾਂ.....

**ਮਾਨਯੋਗ ਸਪੀਕਰ :** ਚੰਦੂਮਾਜਰਾ ਸਾਹਿਬ, ਤੁਸੀਂ ਸਵਾਲ ਪੁੱਛੋ। ਤੁਸੀਂ ਇਸ ਤਰ੍ਹਾਂ ਨਾ ਕਰੋ, ਕੋਈ ਸਪਲੀਮੈਂਟਰੀ ਹੈ ਤਾਂ ਪੁੱਛੋ।ਸਵਾਲ ਹੈ ਤਾਂ ਦੱਸੋ... ਨਹੀਂ, ਨਹੀਂ, ਇਸ ਤਰ੍ਹਾਂ ਨਹੀਂ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਮੇਰੇ ਇਸ ਸਵਾਲ ਦਾ ਸਵਾਗਤ ਕਰਨਗੇ। ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਜਿਹੜਾ 20 ਜੂਨ ਦਾ ਝੋਨੇ ਦੀ ਲਵਾਈ ਦਾ ਸਮਾਂ ਦਿੱਤਾ ਹੁੰਦਾ ਹੈ ਉਸ ਦੌਰਾਨ ਹੁੰਦਾ ਕੀ ਹੈ ਕਿ ਜਦੋਂ ਬਹੁਤ ਥੋੜ੍ਹਾ ਜਿਹਾ ਸਮਾਂ ਝੋਨਾ ਲਗਾਉਣ ਵਾਸਤੇ ਬਚਦਾ ਹੈ ਤਾਂ ਉਸ ਸਮੇਂ ਲੇਬਰ ਦੀ ਇਕਦਮ ਇੰਨੀ ਵੱਡੀ ਸ਼ਾਰਟੇਜ਼ ਆ ਜਾਂਦੀ ਹੈ ਕਿ ਜਿਸ ਕਾਰਨ ਲੇਬਰ ਦੇ ਰੇਟ ਅਸਮਾਨੀ ਚੜ੍ਹਨ ਕਾਰਨ ਇਹ ਦੇਣੀ ਕਿਸਾਨ ਦੇ ਵੱਸ ਤੋਂ ਬਾਹਰ ਹੁੰਦੀ ਜਾ ਰਹੀ ਹੈ। ਸਰ, ਪ੍ਰਤੀ ਏਕੜ 4,000/- ਰੁਪਏ ਤੋਂ ਉਪਰ ਏਕੜ ਦੀ ਲੇਬਰ ਲਵਾਈ ਲੈਂਦੀ ਸੀ ਅਤੇ ਇਹ ਜਿਹੜੇ ਹੜ੍ਹ ਆਏ ਸਨ, ਇਸ ਤੋਂ ਬਾਅਦ ਤਾਂ 5,000/ ਤੋਂ 6,000/- ਰੁਪਏ ਪ੍ਰਤੀ ਏਕੜ ਕਿਸਾਨ ਨੂੰ ਲੇਬਰ ਦਾ ਦੇਣਾ ਪਿਆ । ਸਪੀਕਰ ਸਾਹਿਬ, ਦੂਜੀ ਵੱਡੀ ਪ੍ਰਾਬਲਮ ਮੁਆਇਸਚਰ ਦੀ ਆਉਂਦੀ ਹੈ। ਤੁਹਾਡਾ ਜਿਹੜਾ ਕਲਾਈਮੇਟ ਹੈ ਉਸ ਮੁਤਾਬਿਕ ਉਹ ਸੂਟ ਨਹੀਂ ਕਰਦਾ ਜਿਸ ਕਾਰਨ ਕਿਸਾਨਾਂ ਨੂੰ ਮੰਡੀਆਂ ਵਿਚ ਰੁਲਣਾ ਪੈਂਦਾ ਹੈ। ਘੱਟੋ ਘੱਟ ਉਸ ਵਿੱਚ ਕੋਈ ਰਿਲੈਕਸੇਸ਼ਨ ਕਰਵਾਉ। ਸੋ, ਇਹ ਮੇਰੇ ਤਿੰਨ ਸਵਾਲ ਹਨ । ਪਾਣੀ ਨੂੰ ਸੰਭਾਲਣ ਵਾਸਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਹੋਕਾ ਦਿੱਤਾ...

**ਮਾਨਯੋਗ ਸਪੀਕਰ:** ਤਿੰਨ ਸਵਾਲ ਇਕੱਠੇ ਨਹੀਂ ਪੁੱਛੇ ਜਾ ਸਕਦੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਇਹ ਪੰਜਾਬ ਦੀ ਚੁਣੌਤੀ ਹੈ। ਤੁਸੀਂ ਜਿਹੜਾ ਬਿਆਨ ਦਿੱਤਾ ਹੈ, ਅਸੀਂ ਉਸ ਦਾ ਸਵਾਗਤ ਕਰਦੇ ਹਾਂ।

**ਮਾਨਯੋਗ ਸਪੀਕਰ:** ਚੰਦੂਮਾਜਰਾ ਜੀ, ਇਸ ਤਰ੍ਹਾਂ ਨਾ ਕਰੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਇਸ ਵਾਸਤੇ ਸੈਸ਼ਨ ਬੁਲਾਈਏ, ਕੋਈ ਨੀਤੀ ਬਣਾਈ ਜਾਵੇ..

**ਮਾਨਯੋਗ ਸਪੀਕਰ:** ਚੰਦੂਮਾਜਰਾ ਜੀ, ਇਸ ਤਰ੍ਹਾਂ ਨਹੀਂ। ਚੰਦੂਮਾਜਰਾ ਜੀ, ਇਸ ਤਰ੍ਹਾਂ ਨਹੀਂ ਚੱਲੇਗਾ। No, no, this is too much.

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਇਸ ਤੋਂ ਵੱਡੀ ਸਮੱਸਿਆ ਉਤੇ ਨਹੀਂ ਚੱਲੇਗਾ ਤਾਂ ਫਿਰ ਕਿਸ ਤੇ ਚੱਲੇਗਾ। ਸਪੀਕਰ ਸਾਹਿਬ, ਸੰਧਵਾਂ ਸਾਹਿਬ ਵਲੋਂ ਬੜੀ ਵਾਜਬ ਗੱਲ ਰੱਖੀ ਗਈ ਹੈ..

**ਮਾਨਯੋਗ ਸਪੀਕਰ:** ਬਸ, ਫਿਰ ਤੁਸੀਂ ਬੈਠੋ ਜੀ। (ਵਿਘਨ) ਭਾਸ਼ਣ ਥੋੜ੍ਹਾ ਹੋਣਾ ਹੈ। He is not supposed to make a speech. ਭਾਸ਼ਣ ਥੋੜ੍ਹਾ ਹੋਵੇਗਾ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ।)

**ਮਾਨਯੋਗ ਸਪੀਕਰ:** ਕੀ ਉਹ ਤਿੰਨ ਸਵਾਲ ਇਕੱਠੇ ਪੁੱਛ ਸਕਦੇ ਹਨ? ਉਹ ਕਹਿੰਦੇ ਹਨ ਕਿ ਮੇਰੇ ਤਿੰਨ ਸਵਾਲ ਹਨ, ਕੀ ਤਿੰਨ ਸਵਾਲ ਇਕੱਠੇ ਪੁੱਛ ਸਕਦੇ ਹਨ? (ਵਿਘਨ)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਜਿਹੜਾ ਕਿਸਾਨਾਂ ਦਾ ਵਾਧੂ ਖਰਚ ਹੋਇਆ ਹੈ ਉਸ ਵਾਸਤੇ ਪੰਜਾਬ ਸਰਕਾਰ ਆਪਣੇ ਵੱਲੋਂ ਕੋਈ ਬੋਨਸ ਦੇਵੇ ਕਿਉਂਕਿ ਇਹ ਪੰਜਾਬ ਸਰਕਾਰ ਦੀ ਝੋਨੇ ਲਵਾਈ ਦੀ ਡੇਟ

ਰੱਖਣ ਦੀ ਆਪਣੀ ਨੀਤੀ ਹੈ । ਸਪੀਕਰ ਸਾਹਿਬ, ਕੀ ਸਰਕਾਰ ਕੋਈ ਆਪਣੇ ਵਲੋਂ ਬੋਨਸ ਦੇਵੇਗੀ? ਸੈਕਿੰਡ, ਕੀ ਮੁਆਇਸਚਰ ਦੇ ਉਤੇ ਕੋਈ ਰਿਲੈਕਸੇਸ਼ਨ ਦਿਵਾਏਗੀ ਕਿਉਂਕਿ 20 ਜੂਨ ਦੇ ਚੱਕਰ ਵਿੱਚ ਮੁਆਇਸਚਰ ਬਹੁਤ ਜ਼ਿਆਦਾ ਵੱਧ ਜਾਂਦਾ ਹੈ..

**ਮਾਨਯੋਗ ਸਪੀਕਰ:** ਤੁਸੀਂ ਇਕ ਸਮੇਂ ਇਕ ਸਵਾਲ, ਸਪਲੀਮੈਂਟਰੀ ਪੁੱਛ ਸਕਦੇ ਹੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੁੱਖ ਮੰਤਰੀ ਸਾਹਿਬ ਜੇ ਤਿੰਨਾਂ ਦਾ ਜਵਾਬ ਦੇਣਾ ਚਾਹੁੰਣ ਤਾਂ ਤਿੰਨਾਂ ਦੇ ਜਵਾਬ ਦੇ ਦੇਣ, ਇੱਕ ਦਾ ਤਾਂ ਜਵਾਬ ਦੇਣ ਕਿਉਕਿ ਇਹ ਇਨ੍ਹਾਂ ਦੀ ਜ਼ਿੰਮੇਵਾਰੀ ਹੈ, ਅਸੀਂ ਪੰਜਾਬ ਦੇ ਕਿਸਾਨਾਂ ਦੇ ਪੱਖ ਦੀ ਗੱਲ ਰੱਖੀ ਹੈ...

**ਮੁੱਖ ਮੰਤਰੀ :** ਸਪੀਕਰ ਸਾਹਿਬ, ਸਾਡੀ ਪਰਚੇਜ਼ ਐਫ.ਸੀ.ਆਈ. ਦੇ ਰਾਹੀਂ ਹੁੰਦੀ ਹੈ। ਐਫ.ਸੀ.ਆਈ ਦੀਆਂ ਮੁਆਇਸਚਰ ਲਿਮਿਟਸ ਹਨ। ਇਹ ਸਾਡਾ ਕੰਮ ਨਹੀਂ ਹੈ। How can we deal with moisture problem? ਤੁਹਾਡੀ ਉਥੇ ਆਪਣੀ ਸਰਕਾਰ ਬੈਠੀ ਹੈ, ਤੁਸੀਂ ਆਪਣੇ ਕੈਬਿਨਟ ਮਨਿਸਟਰ ਨੂੰ ਕਿਉਂ ਨਹੀਂ ਕਹਿੰਦੇ ? ਉਹ ਉਥੇ ਜਾ ਕੇ ਕੈਬਿਨਟ ਵਿਚ ਕਹਿਣ ਤੇ ਫੂਡ ਕਾਰਪੋਰੇਸ਼ਨ ਨੂੰ ਦੱਸਣ। (ਵਿਘਨ) ਸਰ, ਚਾਹੇ ਸਾਡੀ ਪਨਸਪ ਹੈ ਜਾਂ ਚਾਹੇ ਪੰਜਾਬ ਐਗਰੋ ਹੈ, they are purchasing on behalf of Government of India. ਸਪੀਕਰ ਸਾਹਿਬ, ਗੌਰਮਿੰਟ ਆਫ਼ ਇੰਡੀਆ ਦੇ ਲੇ ਡਾਊਨ ਨਾਰਮਜ਼ ਹਨ ਕਿ ਕਿੰਨੀ ਮੁਆਇਸਚਰ ਤੱਕ ਕੰਟੈਂਟਸ ਹੋ ਸਕਦੇ ਹਨ। ਸਪੀਕਰ ਸਾਹਿਬ, ਜਦੋਂ ਇਹ ਪਰਚੇਜ਼ ਹੋ ਰਹੀ ਸੀ ਤਾਂ ਮੈਂ ਉਨ੍ਹਾਂ ਦੇ ਪਰਚੇਜ਼ ਸੈਂਟਰਜ਼ ਵਿਚ ਗਿਆ ਸੀ। ਮੈਂ ਖੁਦ ਆਪਣੀਆਂ ਅੱਖਾਂ ਨਾਲ ਸਾਰਾ ਕੁਝ ਦੇਖਿਆ; ਮੈਂ ਉਥੇ ਇੰਸਪੈਕਟਰਜ਼ ਨੂੰ ਬੁਲਾਇਆ ਅਤੇ ਉਨ੍ਹਾਂ ਤੋਂ ਆਪਣੇ ਸਾਹਮਣੇ ਮੁਆਇਸਚਰ ਚੈੱਕ ਕਰਵਾਈ। ਉਨ੍ਹਾਂ ਨੇ ਦੱਸਿਆ ਕਿ ਇਹ ਲਓ ਕਾਗਜ਼, these are the specifications ਅਤੇ ਇਹ ਵੇਖ ਲਵੋ ਕਿ ਮਸ਼ੀਨ ਕੀ ਕਹਿ ਰਹੀ ਹੈ। ਸੋ, these are the things that are not in our hands.

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ ਸਾਹਿਬ, ਤੁਸੀਂ ਦੱਸੋ।(ਵਿਘਨ) ਬੈਂਸ ਸਾਹਿਬ, ਪਹਿਲ੍ਹਾਂ ਦੇ ਖੜ੍ਹੇ ਹਨ। ਹਾਂ ਜੀ, ਬੈਂਸ ਸਾਹਿਬ, ਤੁਸੀਂ ਦੱਸੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਦੀ ਸਟੇਟਮੈਂਟ ਹੈ ਕਿ day by day ground water ਥੱਲੇ ਜਾ ਰਿਹਾ ਹੈ ਅਤੇ ਆਉਣ ਵਾਲੇ 15-20 ਸਾਲਾਂ ਵਿੱਚ ਪਾਣੀ ਦੀ ਬੜੀ ਵੱਡੀ ਕਿੱਲਤ ਹੋਣ ਵਾਲੀ ਹੈ, ਇਹ ਕਹੋ ਕਿ ਧਰਤੀ ਬੰਜਰ ਹੋ ਜਾਣੀ ਹੈ। ਸਪੀਕਰ ਸਾਹਿਬ, ਇਕ ਪਾਸੇ ਅਸੀਂ ਗਰਾਊਂਡ ਵਾਟਰ ਟੇਬਲ ਮੇਨਟੇਨ ਕਰਨ ਦੀ ਗੱਲ ਕਰਦੇ ਹਾਂ ਅਤੇ ਦੂਜੇ ਪਾਸੇ ਸਾਡਾ 11.2 ਐਮ.ਏ.ਐਫ.ਪਾਣੀ ਫ਼ਰੀ ਵਿਚ ਰਾਜਸਥਾਨ ਨੂੰ ਜਾ ਰਿਹਾ ਹੈ। 7ਵਾਂ ਸ਼ਡਿਊਲ, 17ਵੀਂ ਐਂਟਰੀ ਸਟੇਟ ਸਬਜੈਕਟ ਹੈ। ਪਾਣੀ, ਜਲ ਭੰਡਾਰਨ ਬਿਜਲੀ ਉਤਪਾਦਨ ਸਟੇਟ ਸਬਜੈਕਟ ਹੈ। ਸਪੀਕਰ ਸਾਹਿਬ, ਮੇਰੀ ਸਨਿਮਰ ਬੇਨਤੀ ਹੈ ਕਿ 16 ਨਵੰਬਰ, 2016 ਨੂੰ ਇਸੇ ਅਜ਼ੀਮ ਸਦਨ ਨੇ ਰੈਜ਼ੋਲਿਊਸ਼ਨ ਪਾਸ ਕਰ ਦਿੱਤਾ ਸੀ ਕਿ ਅਸੀਂ ਪਾਣੀ ਕੀਮਤ ਨਹੀਂ ਬਲਕਿ ਰਾਇਲਿਟੀ ਦਿੱਲੀ, ਹਰਿਆਣਾ ਅਤੇ ਰਾਜਸਥਾਨ ਤੋਂ ਵਸੂਲ ਕਰਨੀ ਹੈ। ਜੇ ਕੀਮਤ ਵਸੂਲ ਨਹੀਂ ਕਰਨੀ ਤਾਂ ਰਾਜਸਥਾਨ ਨੂੰ ਜਾਂਦਾ ਪਾਣੀ ਬੰਦ ਹੋਵੇਗਾ। ਜਨਵਰੀ, 2016 ਤੱਕ ਦੀ Water amd Power Commission of India ਦੇ ਰੇਟਾਂ ਅਨੁਸਾਰ ਨਹਿਰੀ ਪਾਣੀ ਦੀ ਕੀਮਤ..

**ਮਾਨਯੋਗ ਸਪੀਕਰ:** ਇਹ ਇਸ ਸਵਾਲ ਨਾਲ ਰਿਲੇਟ ਨਹੀਂ ਕਰਦਾ। ਇਸ ਦੇ ਉਤੇ ਗੱਲ ਨਹੀਂ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਇਸ ਦੇ ਉਤੇ ਹੀ ਗੱਲ ਕਹਿ ਰਿਹਾ ਹਾਂ। ਬਾਜਵਾ ਸਾਹਿਬ ਨੇ ਕਹਿ ਦਿੱਤਾ ਕਿ ਜਿਹੜਾ ਹਿਮਾਚਲ ਤੋਂ ਪਾਣੀ ਆਉਂਦਾ ਹੈ ਤਾਂ ਫਿਰ ਉਸ ਦੀ ਵੀ ਕੀਮਤ ਦੇਣੀ ਪਵੇਗੀ। ਬਾਜਵਾ ਸਾਹਿਬ, ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਕੁਦਰਤੀ ਤੌਰ ਤੇ ਵਗਦੇ ਪਾਣੀ ਦੀ ਕੀਮਤ ਨਹੀਂ ਦੇਣੀ ਹੁੰਦੀ। ਰਿਪੇਰੀਅਨ ਐਕਟ ਅਨੁਸਾਰ ਦਰਿਆ ਦੀ ਲੰਬਾਈ ਦੇ ਅਕਾਰਡਿੰਗ ਉਸ ਦੀ ਵੰਡ ਹੁੰਦੀ ਹੈ ਅਤੇ ਨਹਿਰੀ ਪਾਣੀ ਦੀ ਕੀਮਤ ਹੁੰਦੀ ਹੈ। ਮੇਰਾ ਮੁੱਖ ਮੰਤਰੀ ਸਾਹਿਬ ਨੂੰ ਸਵਾਲ ਹੈ ਕਿ ਰਾਜਸਥਾਨ ਨੂੰ ਜਾਂਦੇ ਪਾਣੀ ਦੀ ਕੀਮਤ ਜੋ ਕਿ ਹੁਣ ਤੱਕ 16 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੈ, ਕੀ ਉਹ ਵਸੂਲਣ ਵਾਸਤੇ ਬਿੱਲ ਭੇਜਣਗੇ ਜਾਂ ਰਾਜਸਥਾਨ ਨੂੰ ਜਾਂਦਾ ਪਾਣੀ ਬੰਦ ਕਰਕੇ 14 ਲੱਖ ਤੋਂ ਵੱਧ ਟਿਊਬਵੈਲ ਜਿਹੜੇ ਪੰਜਾਬ ਵਿਚ ਚੱਲ..

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਪੁੱਛ ਸਕਦੇ ਹੋ। ਸਰਦਾਰ ਸਿਮਰਜੀਤ ਸਿੰਘ ਜੀ ਇਹ ਵੱਖਰਾ ਸਵਾਲ ਬਣਦਾ ਹੈ ਜੀ। ਸਵਾਲ ਪੈਡੀ ਲਗਾਉਣ ਦੇ ਟਾਈਮ ਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਮੇਰਾ ਇਕੋ ਸਵਾਲ ਹੈ ਕਿ ਪੰਜਾਬ ਵਿਚ ਜਿਹੜੇ 14 ਲੱਖ ਟਿਊਬਵੈੱਲ ਪਾਣੀ ਖਿੱਚ ਰਹੇ ਹਨ, ਮੁੱਖ ਮੰਤਰੀ ਸਾਹਿਬ ਨੇ ਹੀ ਜਵਾਬ ਦਿੱਤਾ ਹੈ, ਮੈਂ ਉਸੇ ਦੇ ਸਬੰਧ ਵਿੱਚ ਹੀ ਆਪਣਾ ਸਵਾਲ ਪੁੱਛ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਉਹੀ ਕਹਿ ਰਿਹਾ ਹਾਂ ਕਿ ਸੀ.ਐਮ. ਸਾਹਿਬ ਨੇ ਰਿਪਲਾਈ ਦਿੱਤਾ ਹੈ ਕਿ ਸਾਡੇ ਕੋਲ ਪਾਣੀ ਦੀ ਕਿੱਲਤ ਆਉਣ ਵਾਲੀ ਹੈ । ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਜੀ ਦੀ ਇਸ ਅਵੇਅਰਨੈਸ ਦਾ ਧੰਨਵਾਦ ਕਰਦਾ ਹਾਂ । ਇਸ ਚਿੰਤਾ ਦਾ ਧੰਨਵਾਦ ਕਰਦਾ ਹਾਂ ਲੇਕਿਨ ਇਸ ਚਿੰਤਾ ਦਾ ਸਮਾਧਾਨ ਕੀ ਹੈ? ਮੈਂ ਸਮਾਧਾਨ ਦੀ ਗੱਲ ਕਰਦਾ ਹਾਂ ਕਿ ਕੀ 14 ਲੱਖ ਟਿਊਬਵੈਲ, ਜਿਨ੍ਹਾਂ ਤੇ ਸਾਲਾਨਾ ਬਿਜਲੀ-ਡੀਜਲ ਦਾ, ਖਾਦਾਂ ਦਾ 25,000 ਕਰੋੜ ਰੁਪਏ ਦੇ ਕਰੀਬ ਪੰਜਾਬ ਦਾ ਬਜਟ ਲੱਗ ਰਿਹਾ ਹੈ ਅਤੇ ਦੂਜੇ ਪਾਸੇ ਜਿਹੜਾ ਕੁਦਰਤ ਨੇ ਸਾਨੂੰ ਪਾਣੀ ਦਿੱਤਾ ਹੈ, ਅਸੀਂ ਉਸ ਨੂੰ ਨਹਿਰੀ ਪਾਣੀ ਬਣਾ ਕੇ ਰਾਜਸਥਾਨ ਨੂੰ free of cost ਦੇ ਰਹੇ ਹਾਂ। ਕੈਪਟਨ ਸਾਹਿਬ, ਤੁਹਾਡੇ ਦਾਦਾ ਜੀ ਜੋ ਉਸ ਵੇਲੇ ਪਟਿਆਲਾ ਰਿਆਸਤ ਦੇ ਰਾਜਾ ਸਨ ਉਸ ਵੇਲੇ ਬ੍ਰਿਟਿਸ਼ ਗੌਰਮਿੰਟ ਕੀਮਤ ਅਦਾ ਕਰਕੇ ਘੱਗਰ ਉਤੇ ਨਾਲਾ ਬਣਾ ਕੇ ਪਾਣੀ ਅੰਬਾਲਾ ਛਾਉਣੀ ਨੂੰ ਲੈ ਕੇ ਗਈ ਸੀ। ਬੀਕਾਨੇਰ ਰਿਆਸਤ ਦੇ ਮਹਾਰਾਜਾ ਗੰਗਾ ਸਿੰਘ ਗੰਗ ਕੈਨਾਲ ਬਣਾ ਕੇ ਲੈ ਕੇ ਗਏ ਸਨ ਅਤੇ ਬ੍ਰਿਟਿਸ਼ ਗੌਰਮਿੰਟ ਇਸ ਦੀ ਕੀਮਤ ਅਦਾ ਕੀਤੀ ਸੀ।

**ਮਾਨਯੋਗ ਸਪੀਕਰ** : ਇਹ ਕੁਐਸਚਨ ਨਹੀਂ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ** : ਹਰਿਆਣਾ ਦੇ ਸੀ.ਐਮ. ਸਾਹਿਬ ਨੇ ਦਿੱਲੀ ਦੀ ਗੌਰਮਿੰਟ ਨੂੰ ਬਿਲ ਬਣਾ ਕੇ ਭੇਜਿਆ ਹੈ...

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸਰਦਾਰ ਸਿਮਰਜੀਤ ਸਿੰਘ ਬੈਂਸ** : ਮੇਰਾ ਸਵਾਲ ਹੈ ਕਿ ਪਾਣੀ ਦਾ ਲੈਵਲ ਮੇਨਟੇਨ ਕਰਨ ਵਾਸਤੇ ਕੀ ਸਰਕਾਰ ਰਾਜਸਥਾਨ ਨੂੰ ਜਾਂਦਾ ਪਾਣੀ ਬੰਦ ਕਰਨ ਦਾ ਇਰਾਦਾ ਰੱਖਦੀ ਹੈ ਜਾਂ ਰਾਜਸਥਾਨ ਤੋਂ ਸ਼ਹਿਰੀ ਪਾਣੀ ਦੀ 16 ਲੱਖ ਕਰੋੜ ਰੁਪਏ ਤੋਂ ਵੱਧ ਕੀਮਤ ਵਸੂਲ ਕਰਨ ਦਾ ਇਰਾਦਾ ਰੱਖਦੀ ਹੈ ਜਾਂ ਨਹੀਂ? ਇਹ ਮੇਰਾ ਸਵਾਲ ਹੈ।

**ਮਾਨਯੋਗ ਸਪੀਕਰ** : ਬੈਠੋ...ਬੈਠੋ। ਸੀ.ਐਮ. ਸਾਹਿਬ, ਤੁਸੀਂ ਕੁਝ ਕਹਿਣਾ ਹੈ? ਅਗਲਾ ਸਵਾਲ, ਸ਼੍ਰੀ ਗੁਰਮੀਤ ਸਿੰਘ ਮੀਤ।

(ਇਸ ਸਮੇਂ ਆਪੋਜੀਸ਼ਨ ਬੈਂਚਿਜ਼ ਤੋਂ ਕਈ ਮੈਂਬਰ ਸਪਲੀਮੈਂਟਰੀ ਲਈ ਆਪਣੀ ਸੀਟਾਂ ਤੇ ਖੜ੍ਹੇ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ** : ਹੋ ਗਈ ਜੀ। ਸਪਲੀਮੈਂਟਰੀਜ਼ ਦੀ ਲਿਮਟ ਹੁੰਦੀ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ** : ਸਪੀਕਰ ਸਾਹਿਬ, ਜਵਾਬ ਤਾਂ ਦਿਵਾ ਦਿਓ।

**ਮਾਨਯੋਗ ਸਪੀਕਰ** : ਇਹ ਰਿਲੇਟਿਡ ਨਹੀਂ ਹੈ। ਤੁਸੀਂ ਆਪਣੀ ਗੱਲ ਕਹਿ ਲਈ ਪਰ ਇਹ ਝੋਨੇ ਦੀ ਲਵਾਈ ਨਾਲ ਰਿਲੇਟਿਡ ਨਹੀਂ ਹੈ।(ਵਿਘਨ...) ਝੋਨੇ ਦੀ ਲਵਾਈ ਨਾਲ ਰਿਲੇਟਿਡ ਸਵਾਲ ਨਹੀਂ ਹੈ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ** : ਰਾਣਾ ਜੀ, ਸਪਲੀਮੈਂਟਰੀ ਹੋ ਚੁੱਕੀ ਹੈ।

**ਰਾਣਾ ਗੁਰਜੀਤ ਸਿੰਘ** : ਇਕ ਦੇ ਦਿਓ ਜੀ। ਇਸ ਕੁਐਸਚਨ ਨਾਲ ਸਬੰਧਤ ਹੈ ਅਤੇ ਇਸ ਨਾਲ ਪੰਜਾਬ ਦਾ ਫ਼ਾਇਦਾ ਹੋਵੇਗਾ।

**ਮਾਨਯੋਗ ਸਪੀਕਰ** : ਉਹ ਗੱਲ ਤਾਂ ਠੀਕ ਹੈ ਪਰ ਰਾਣਾ ਜੀ, ਸਪਲੀਮੈਂਟਰੀਜ਼ ਦੀ ਲਿਮਟ ਹੈ। ਨੈਕਸਟ, ਗੁਰਮੀਤ ਸਿੰਘ।(ਵਿਘਨ....) ਰਾਣਾ ਜੀ, ਪਲੀਜ਼ ਬੈਠੋ....ਪਲੀਜ਼...ਪਲੀਜ਼, ਸਾਰਿਆਂ ਨੂੰ ਦੇਣੀ ਪੈਂਦੀ ਹੈ। No..no..no. ਅੱਠ ਮੈਂਬਰ ਹੋਰ ਵੀ ਖੜ੍ਹੇ ਹਨ। ਮੀਤ ਜੀ, ਬੋਲੋ।

---

**ਬਰਨਾਲਾ ਵਿਖੇ ਪੀਣ ਵਾਲੇ ਪਾਣੀ ਦੇ ਟਿਊਬਵੈਲ ਲਗਾਉਣਾ**

*2106. **ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਰਨਾਲਾ ਮਿਉਂਸਪਲ ਕਮੇਟੀ ਵਿੱਚ ਵੱਧ ਰਹੀ ਅਬਾਦੀ ਕਾਰਨ ਪੀਣ ਵਾਲੇ ਪਾਣੀ ਲਈ ਨਵੇਂ ਟਿਊਬਵੈਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ? ਜੇਕਰ ਹੈ ਤਾਂ ਕਦੋਂ ਤੱਕ।

**ਸ਼੍ਰੀ ਬ੍ਰਹਮ ਮਹਿੰਦਰਾ:** ਹਾਂ ਜੀ। ਬਰਨਾਲਾ ਵਿਖੇ ਵੱਧ ਰਹੀ ਅਬਾਦੀ ਅਤੇ ਪੁਰਾਣੇ ਫੇਲ੍ਹ ਹੋਏ ਟਿਊਬਵੈੱਲਾਂ ਕਾਰਨ ਪੀਣ ਵਾਲੇ ਪਾਣੀ ਲਈ ਪੰਜ ਨਵੇਂ ਟਿਊਬਵੈਲ ਲੋੜੀਂਦੇ ਹਨ। ਇਨ੍ਹਾਂ ਪੰਜ ਨਵੇਂ ਟਿਊਬਵੈੱਲਾਂ ਨੂੰ ਅਮਰੁਤ ਪ੍ਰੋਜੈਕਟ ਅਧੀਨ ਲਗਾਉਣ ਦੀ ਤਜਵੀਜ ਹੈ ਜੋ ਕਿ ਜਲਦੀ ਹੀ ਲਗਾ ਦਿੱਤੇ ਜਾਣਗੇ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਬਰਨਾਲਾ ਦੀ ਅਬਾਦੀ ਵੱਧ ਰਹੀ ਹੈ। ਮੈਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪੁਰਾਣੇ ਪੰਜ ਟਿਊਬਵੈੱਲ ਹਨ, ਉਨ੍ਹਾਂ ਵਿਚੋਂ ਚਾਰ ਪਿਛਲੇ ਦੋ ਸਾਲ ਤੋਂ ਖਰਾਬ ਹਨ, ਸਿਰਫ਼ ਇਕ ਨਵਾਂ ਹੈ। ਇਸ ਗਰਮੀ ਵਿੱਚ ਲੋਕ ਤਰਾਹ-ਤਰਾਹ ਕਰ ਰਹੇ ਹਨ। 20,000 ਜਾਂ 25,000 ਦੀ ਅਬਾਦੀ ਨੂੰ ਪਾਣੀ ਨਹੀਂ ਪਹੁੰਚ ਰਿਹਾ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਜਲਦੀ ਨਾ ਕਹਿਣ, ਇਸ ਨੂੰ ਟਾਈਮ ਬਾਊਂਡ ਕਰ ਦੇਣ ਕਿ ਇਹ ਕਿੰਨੇ ਸਮੇਂ ਵਿੱਚ ਲਗਾ ਦਿੱਤੇ ਜਾਣਗੇ?

**ਮਾਨਯੋਗ ਸਪੀਕਰ** : ਮੰਤਰੀ ਜੀ, ਕੋਈ ਸਮਾਂ ਸੀਮਾ ਦੱਸ ਸਕਦੇ ਹੋ?

**ਮੰਤਰੀ** : ਸਪੀਕਰ ਸਾਹਿਬ, ਜਲਦੀ ਤੋਂ ਜਲਦੀ ਕਰਾਂਗੇ। ਸਮਾਂ ਸੀਮਾ ਦੀ ਲੋੜ ਹੀ ਨਹੀਂ ਹੈ। ਬਹੁਤ ਜਲਦੀ ਕਰਾਂਗੇ। ਮੈਂ ਮੈਂਬਰ ਸਾਹਿਬ ਨੂੰ ਇਹ ਐਸ਼ੋਰ ਕਰਦਾ ਹਾਂ ਕਿ ਜਲਦੀ ਤੋਂ ਜਲਦੀ ਕਰ ਦੇਵਾਂਗੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, ਇਹ ਪੀਣ ਵਾਲੇ ਪਾਣੀ ਦਾ ਮਸਲਾ ਹੈ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਕੋਲ ਸਾਰੇ ਪੰਜਾਬ ਦਾ ਡਾਟਾ ਹੋਵੇਗਾ ਕਿ ਕਿੱਥੇ ਕਿੱਥੇ ਨਵੇਂ ਟਿਊਬਵੈੱਲਾਂ ਦੀ ਰਿਕੁਆਇਰਮੈਂਟ ਹੈ? ਸਨੌਰ ਵਿੱਚ ਵੀ ਇਨ੍ਹਾਂ ਦੀ ਰਿਕੁਆਇਰਮੈਂਟ ਹੈ ਅਤੇ ਹੋਰ ਵੀ ਕਈ

ਥਾਵਾਂ ਤੇ ਹੈ। ਇਨ੍ਹਾਂ ਨੇ ਟੋਟਲ ਬਾਰੇ ਕੋਈ ਡਾਟਾ ਜਾਂ ਮੈਪ ਬਣਾਇਆ ਹੋਵੇਗਾ ਕਿ ਪੀਣ ਵਾਲਾ ਪਾਣੀ ਜਿਹੜਾ ਕਿ ਇਕ ਬੁਨਿਆਦੀ ਲੋੜ ਹੈ, ਇਹ ਕਦੋਂ ਤੱਕ ਆਪਣੇ ਨਾਗਰਿਕਾਂ ਨੂੰ ਕੰਪਲੀਟ ਦੇ ਸਕਾਂਗੇ?

**ਮੰਤਰੀ** : ਸਪੀਕਰ ਸਾਹਿਬ, ਜੇਕਰ ਮੈਨੂੰ ਪਤਾ ਹੁੰਦਾ ਕਿ ਇਸ ਤਰ੍ਹਾਂ ਦਾ ਕੁਐਸਚਨ ਆਉਣਾ ਹੈ ਤਾਂ ਮੈਂ ਆਪਣੇ ਕੋਲ ਡਿਟੇਲ ਰੱਖਦਾ ਪਰ ਜਿਵੇਂ ਹੁਣੇ ਇਸ ਸਵਾਲ ਤੋਂ ਪਹਿਲਾਂ ਗੱਲ ਹੋ ਕੇ ਹਟੀ ਹੈ ਕਿ ਪਾਣੀ ਜਿਸ ਤਰ੍ਹਾਂ ਡਿਪਲੀਟ ਹੋ ਰਿਹਾ ਹੈ, ਅਸੀਂ ਟਿਊਬਵੈੱਲਾਂ ਨੂੰ ਰਿਪਲੀਟ ਕਰਨਾ ਹੈ। ਸਤਿਕਾਰਯੋਗ ਮੁੱਖ ਮੰਤਰੀ ਜੀ ਦਾ ਆਰਡਰ ਹੈ ਅਤੇ ਉਨ੍ਹਾਂ ਦਾ ਇਕ ਵਿਜ਼ਨ ਹੈ ਕਿ ਅਸੀਂ ਡਰਿੰਕਿੰਗ ਵਾਟਰ ਨੂੰ ਨਹਿਰਾਂ ਤੋਂ ਲੈਣਾ ਹੈ ਅਤੇ ਬਹੁਤ ਜਲਦੀ ਹੀ ਸਾਰੇ ਪ੍ਰਾਜੈਕਟ ਸ਼ੁਰੂ ਹੋਣ ਵਾਲੇ ਹਨ। ਜੇ ਇਨ੍ਹਾਂ ਦੀ ਕੋਈ ਸੈਪਰੇਟ ਗੱਲ ਹੈ ਤਾਂ ਇਹ ਆ ਕੇ ਮੇਰੇ ਨਾਲ ਮੇਰੇ ਚੈਂਬਰ ਵਿੱਚ ਗੱਲ ਕਰ ਲੈਣਗੇ।

---

## ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਆਫ਼ ਕੈਰੀਅਰ ਐਂਡ ਕੋਰਸਿਜ਼ ਦੇ ਹੋਸਟਲ ਵਿੱਚ ਵਿਦਿਆਰਥੀਆਂ ਦੀ ਗਿਣਤੀ

*2311. **ਸ਼੍ਰੀ ਨੱਥੂ ਰਾਮ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਮੁਹਾਲੀ ਸਥਿਤ ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਆਫ਼ ਕੈਰੀਅਰ ਐਂਡ ਕੋਰਸਿਜ਼ ਦੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਦੀ ਮੌਜੂਦਾ ਸਮੇਂ ਗਿਣਤੀ ਕਿੰਨੀ ਹੈ ਅਤੇ ਇਹ ਹੋਸਟਲ ਕੁੱਲ ਮਿਲਾ ਕੇ ਕਿੰਨੇ ਵਿਦਿਆਰਥੀਆਂ ਨੂੰ ਰੱਖਣ ਦੀ ਸਮਰੱਥਾ ਰੱਖਦਾ ਹੈ;

(ਅ) ਕੀ ਉਕਤ ਹੋਸਟਲ ਵਿੱਚ ਮਾੜੀ ਸਾਂਭ ਸੰਭਾਲ ਤੇ ਬੁਨਿਆਦੀ ਸਹੂਲਤਾਂ ਦੀ ਘਾਟ, ਜਿਸ ਵਿੱਚ ਵਿਦਿਆਰਥੀਆਂ ਨੂੰ ਘਟੀਆ ਪੱਧਰ ਦੀ ਰਿਹਾਇਸ਼ ਅਤੇ ਭੋਜਨ ਦੇਣਾ ਵੀ ਸ਼ਾਮਲ ਹੈ, ਸਬੰਧੀ ਕੋਈ ਸ਼ਿਕਾਇਤ ਸਰਕਾਰ ਨੂੰ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਉਸ ਉੱਪਰ ਕੀ ਕਾਰਵਾਈ ਕੀਤੀ ਗਈ ਹੈ;

(ੲ) ਇਸ ਇੰਸਟੀਚਿਊਟ ਵਿੱਚ ਇਸ ਸਮੇਂ ਚੱਲ ਰਹੇ ਕੋਰਸਾਂ ਦੇ ਵੇਰਵੇ ਕੀ ਹਨ ਅਤੇ ਮੌਜੂਦਾ ਸਮੇਂ ਇਸ ਇੰਸਟੀਚਿਊਟ ਦੇ ਹਰ ਦਿਨ ਕੋਰਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਕਿੰਨੀ ਹੈ?

**ਸਰਦਾਰ ਸਾਧੂ ਸਿੰਘ :** (ੳ) ਇਸ ਸਮੇਂ ਅੰਬੇਦਕਰ ਸੰਸਥਾ, ਮੁਹਾਲੀ ਦੇ ਲੜਕੇ ਅਤੇ ਲੜਕੀਆਂ ਦੇ ਹੋਸਟਲ ਵਿੱਚ ਕ੍ਰਮਵਾਰ 71 ਅਤੇ 39 ਸਿਖਿਆਰਥੀ ਰਹਿ ਰਹੇ ਹਨ। ਇਸ ਤਰ੍ਹਾਂ ਹੋਸਟਲ ਵਿੱਚ ਰਹਿਣ ਵਾਲੇ ਕੁੱਲ ਸਿਖਿਆਰਥੀਆਂ ਦੀ ਗਿਣਤੀ 110 ਹੈ। ਲੜਕਿਆਂ ਦੇ ਹੋਸਟਲ ਵਿੱਚ 30 ਕਿਊਬੀਕਲਜ਼ ਹਨ ਅਤੇ 4 ਡੋਰਮਿਟਰੀਜ਼ ਹਨ। ਲੜਕੀਆਂ ਦੇ ਹੋਸਟਲ ਵਿੱਚ 24 ਕਿਊਬੀਕਲਜ਼ ਅਤੇ 4 ਡੋਰਮਿਟਰੀਜ਼ ਹਨ। ਇਕ ਕਿਊਬੀਕਲ ਵਿੱਚ ਇਕ ਸਿਖਿਆਰਥੀ ਅਤੇ ਇਕ ਡੋਰਮਿਟਰੀ ਵਿੱਚ 4 ਸਿਖਿਆਰਥੀਆਂ ਦੇ ਰਹਿਣ ਦੀ ਪ੍ਰੋਵੀਜ਼ਨ ਹੈ। ਇਸ ਤਰ੍ਹਾਂ ਕੁੱਲ 86 ਸਿਖਿਆਰਥੀ ਅਰਾਮ ਨਾਲ ਹੋਸਟਲਾਂ ਵਿੱਚ ਰਹਿ ਸਕਦੇ ਹਨ ਪਰ ਜੇਕਰ ਕੁਝ ਕਿਊਬੀਕਲਜ਼ ਵਿੱਚ 2-2 ਸਿਖਿਆਰਥੀ ਠਹਿਰਾਏ ਜਾਣ ਤਾਂ 100-110 ਤੱਕ ਸਿਖਿਆਰਥੀ ਠਹਿਰਾਏ ਜਾ ਸਕਦੇ ਹਨ।

(ਅ) ਅੰਬੇਦਕਰ ਸੰਸਥਾ ਦੇ ਹੋਸਟਲਾਂ ਵਿੱਚ ਮਾੜੀ ਸਾਂਭ-ਸੰਭਾਲ ਤੇ ਬੁਨਿਆਦੀ ਸਹੂਲਤਾਂ ਦੀ ਘਾਟ, ਜਿਸ ਵਿੱਚ ਸਿਖਿਆਰਥੀਆਂ ਨੂੰ ਘਟੀਆ ਪੱਧਰ ਦੀ ਰਿਹਾਇਸ਼ ਅਤੇ ਭੋਜਨ ਦੇਣਾ ਵੀ ਸ਼ਾਮਲ ਹੈ, ਸਬੰਧੀ ਅਜੇ ਤੱਕ ਸਰਕਾਰ ਨੂੰ ਕੋਈ ਵੀ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ।

(ੲ) ਇਸ ਇੰਸਟੀਚਿਊਟ ਵਿੱਚ ਹੇਠ ਅਨੁਸਾਰ ਕੋਰਸਿਜ਼ ਚੱਲ ਰਹੇ ਹਨ:-

| ਕੋਰਸ ਦਾ ਨਾਮ | ਸਿਖਿਆਰਥੀਆਂ ਦੀ ਗਿਣਤੀ |
|---|---|
| 1. ਬੈਂਕ ਪੀ.ਓ. | 60 |
| 2. ਪੰਜਾਬੀ ਸਟੈਨੋਗ੍ਰਾਫੀ | 39 |
| 3. ਅੰਗਰੇਜ਼ੀ ਸਟੈਨੋਗ੍ਰਾਫੀ | 37 |
| ਕੁੱਲ ਸਿਖਿਆਰਥੀ = | 136 |

**ਸ਼੍ਰੀ ਨੱਥੂ ਰਾਮ:** ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਅਤੇ ਸਭ ਤੋਂ ਪਹਿਲਾਂ ਇਸ ਗੱਲ ਲਈ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਵੈਲਫੇਅਰ ਕਮੇਟੀ ਦਾ ਚੇਅਰਮੈਨ ਬਣਾਇਆ ਹੈ। ਮੈਂ ਸੀ.ਐਮ. ਸਾਹਿਬ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਗੱਲ ਦੀ ਜ਼ਿੰਮੇਵਾਰੀ ਦਿੱਤੀ ਹੈ ਅਸੀਂ ਮਿਤੀ 2.7.2019 ਨੂੰ ਵੈਲਫੇਅਰ ਕਮੇਟੀ ਦੀ ਮੀਟਿੰਗ ਇਸ ਸੰਸਥਾ ਵਿੱਚ ਰੱਖੀ ਸੀ ਜਿਸ ਵਿੱਚ ਸਾਡੇ ਕਮੇਟੀ ਮੈਂਬਰ ਸਾਹਿਬਾਨ, ਡਾਇਰੈਕਟਰ, ਵੈਲਫੇਅਰ ਡਿਪਾਰਟਮੈਂਟ ਅਤੇ ਹੋਰ ਅਫ਼ਸਰ ਸਾਹਿਬਾਨ ਵੀ ਸ਼ਾਮਲ ਸਨ। ਮੀਟਿੰਗ ਤੋਂ ਬਾਅਦ ਅਸੀਂ ਹੋਸਟਲ ਦਾ ਨਿਰੀਖਣ ਕੀਤਾ। ਮੇਰੇ ਮਨ ਨੂੰ ਇਸ ਗੱਲ ਕਾਰਨ ਬਹੁਤ ਠੇਸ ਪਹੁੰਚੀ ਕਿਉਂਕਿ ਇਹ ਸੰਸਥਾ ਇੱਕ ਮਹਾਨ ਸ਼ਖ਼ਸ਼ੀਅਤ ਦੇ ਨਾਮ ਤੇ ਕਾਇਮ ਕੀਤੀ ਗਈ ਹੈ। ਉਸ ਸੰਸਥਾ ਵਿੱਚੋਂ ਐਸ.ਸੀ., ਬੀ.ਸੀ. ਐਰ ਹੋਰ ਘੱਟ ਗਿਣਤੀ ਵਰਗ ਨਾਲ ਸਬੰਧਤ ਅਤੇ ਸੋਰਸ ਲੈੱਸ ਵਿਦਿਆਰਥੀਆਂ ਨੇ ਕੋਰਸਿਜ ਕਰਕੇ ਚੰਗੇ ਅਹੁਦਿਆਂ ਤੇ ਜਾਣਾ ਹੁੰਦਾ ਹੈ। ਅਸੀਂ ਨਿਰੀਖਣ ਦੌਰਾਨ ਜਦੋਂ ਹੋਸਟਲ ਵਿੱਚ ਐਂਟਰ ਕੀਤਾ ਤਾਂ ਦੇਖਿਆ ਕਿ ਉਥੇ ਨਾ ਤਾਂ ਵਾਟਰ ਕੂਲਰ ਸੀ, ਨਾ ਹੀ ਉਥੇ ਪਰਾਪਰ ਵੈਂਟੀਲੇਸ਼ਨ ਸੀ, ਕੋਈ ਹਵਾ ਦਾ ਪ੍ਰਬੰਧ ਨਹੀਂ ਸੀ। ਲੜਕੀਆਂ ਦਾ ਹੋਸਟਲ ਖਾਸ ਕਰਕੇ ਇਸ ਤਰ੍ਹਾਂ ਦਾ ਸੀ, ਮੇਰਾ ਖਿਆਲ ਹੈ ਕਿ ਉਸ ਤੋਂ ਵਧੀਆ ਪ੍ਰਬੰਧ ਤਾਂ ਅੱਜਕੱਲ੍ਹ ਸੁਧਾਰ ਘਰਾਂ ਵਿੱਚ ਹੋਣਾ ਹੈ। ਮੇਰੇ ਨਾਲ ...

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ, ਪਲੀਜ਼।

**ਸ਼੍ਰੀ ਨੱਥੂ ਰਾਮ:** ਸਪੀਕਰ ਸਾਹਿਬ, ਮੈਂ ਸਵਾਲ ਤਾਂ ਹੀ ਪੁੱਛਾਂਗਾ ਜੇ ਮੈਂ ਪਹਿਲਾਂ ਵੇਰਵੇ ਨਾਲ ਗੱਲ ਕਰਾਂਗਾ।

**ਮਾਨਯੋਗ ਸਪੀਕਰ:** ਬੜੀ ਲੰਬੀ ਗੱਲ ਹੋ ਗਈ ਹੈ।

ਸ਼੍ਰੀ ਨੱਥੂ ਰਾਮ: **ਨਹੀਂ ਤਾਂ ਮੈਂ** ਬਹਿ ਜਾਂਦਾ ਹਾਂ।

**ਮਾਨਯੋਗ ਸਪੀਕਰ:** ਨਹੀਂ, ਮੈਂ ਬੈਠਣ ਨੂੰ ਨਹੀਂ ਕਹਿ ਰਿਹਾ ਪਰ ਆਪਾਂ ਨੇ ਕੰਮ ਤਾਂ ਕਿਸੇ ਦਸਤੂਰ ਦੇ ਮੁਤਾਬਿਕ ਹੀ ਕਰਨਾ ਹੈ।

**ਸ਼੍ਰੀ ਨੱਥੂ ਰਾਮ:** ਸਪੀਕਰ ਸਾਹਿਬ, ਸਵਾਲ ਤਾਂ ਹੀ ਬਣੇਗਾ ਜੇ ਮੈਂ ਵੇਰਵੇ ਨਾਲ ਪਹਿਲਾਂ ਦੱਸਾਂਗਾ। ਮੰਤਰੀ ਜੀ ਨੇ ਤਾਂ ਕਹਿ ਦਿੱਤਾ ਕਿ ਸਾਨੂੰ ਕੋਈ ਸ਼ਿਕਾਇਤ ਨਹੀਂ ਪਹੁੰਚੀ। ਮੈਂ ਉਸ ਬਾਰੇ ਹੀ ਤੁਹਾਨੂੰ ਦੱਸ ਰਿਹਾ ਹਾਂ। ਮੇਰੇ ਨਾਲ ਬੀਬੀ ਸਰਵਜੀਤ ਕੌਰ ਮਾਣੂਕੇ ਜੀ ਵੀ ਸੀ। ਅਸੀਂ ਲੜਕੀਆਂ ਦੇ ਹੋਸਟਲ ਵਿੱਚ ਜਾ ਕੇ ਵੇਖਿਆ ਕਿ ਉਥੇ ਬਹੁਤ ਛੋਟੇ-ਛੋਟੇ ਕਮਰੇ ਹਨ। ਉਨ੍ਹਾਂ ਕਮਰਿਆਂ ਵਿੱਚ ਹਵਾ ਦੇ ਆਉਣ ਜਾਣ ਦਾ ਕੋਈ ਪ੍ਰਬੰਧ ਨਹੀਂ ਹੈ, ਨਾ ਹੀ ਉਨ੍ਹਾਂ ਕਮਰਿਆਂ ਵਿੱਚ ਕੋਈ ਐਗਜਾਸਟ ਫੈਨ ਹਨ। ਜੇਠ ਦਾ ਮਹੀਨਾ ਸੀ, ਆਪਾਂ ਸਾਰੇ ਜਾਣਦੇ ਹੀ ਹਾਂ ਕਿ ਜੇਠ ਦਾ ਮਹੀਨਾ ਕਿੰਨਾ ਤਪਦਾ ਹੁੰਦਾ ਹੈ, ਅਸੀਂ ਵੇਖਿਆ ਕਿ ਉਥੇ ਰਹਿੰਦੀਆਂ ਲੜਕੀਆਂ ਦੇ ਮੂੰਹ ਗਰਮੀ ਕਾਰਨ ਬਿਲਕੁਲ ਲਾਲ ਸਨ ਕਿਉਂਕਿ ਹਵਾ ਕਿਸੇ ਪਾਸੇ ਤੋਂ ਕਰਾਸ ਨਹੀਂ ਕਰ ਰਹੀ ਸੀ। ਉਥੇ ਸੱਜੇ ਔਰ ਖੱਬੇ ਦੋਵਾਂ ਪਾਸਿਆਂ ਤੇ ਸ਼ੀਸ਼ੇ ਲੱਗੇ ਹੋਏ ਸਨ, ਜਿਸ ਕਾਰਨ ਕਿਸੇ ਪਾਸੇ ਤੋਂ ਵੀ ਹਵਾ ਦੀ ਕਰਾਸਿੰਗ ਨਹੀਂ ਸੀ। ਜਦੋਂ ਅਸੀਂ ਉਥੋਂ ਦੇ ਸੁਪਰਡੰਟ/ਇੰਚਾਰਜ ਨੂੰ ਪੁੱਛਿਆ ਤਾਂ ਉਹ ਕਹਿਣ ਲੱਗੇ ਕਿ ਇੱਥੇ ਸੋਲਰ ਸਿਸਟਮ ਦਾ ਪ੍ਰਬੰਧ ਹੋ ਰਿਹਾ ਹੈ, ਪਾਈਪਾਂ ਲੱਗ ਰਹੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਸੰਸਥਾ ਨੂੰ ਬਣਿਆਂ ਕਿੰਨੇ ਸਾਲ ਹੋ ਗਏ ਹਨ ਅਤੇ ਕਿੰਨੇ ਹੀ ਵਿਦਿਆਰਥੀ ਉਥੋਂ ਪੜ੍ਹ ਕੇ ਗਏ ਹੋਣਗੇ? ਮੰਤਰੀ ਸਾਹਿਬ ਨੇ ਜਵਾਬ ਦੇ ਦਿੱਤਾ ਕਿ ਮੈਨੂੰ ਅੱਜ ਤੱਕ ਕਿਸੇ ਨੇ ਸ਼ਿਕਾਇਤ ਨਹੀਂ ਕੀਤੀ। ਜਿਹੜਾ ਉਥੋਂ ਦਾ ਬਿਰਤਾਂਤ ਸੀ, ਉਸ ਬਾਰੇ ਮੈਂ 2 ਤਰੀਕ ਸ਼ਾਮ ਨੂੰ ਮੰਤਰੀ ਸਾਹਿਬ ਨੂੰ

ਆਪ ਆ ਕੇ ਦੱਸਿਆ ਹੈ। ਮੈਨੂੰ ਇਹ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਅਤੇ ਨਾ ਹੀ ਸੰਗ ਹੈ ਕਿ ਮੈਨੂੰ ਇਹ ਲਗਦਾ ਹੈ ਕਿ ਅੱਜ ਤੱਕ ਸਮਾਜ ਭਲਾਈ ਵਿਭਾਗ ਨਾਲ ਸਬੰਧਤ ਕਿਸੇ ਵੀ ਮੰਤਰੀ ਨੇ ਉਸ ਸੰਸਥਾ ਦਾ ਦੌਰਾ ਨਹੀਂ ਕੀਤਾ ਹੋਣਾ। ਮੈਂ ਅੱਜ ਵੀ ਤੁਹਾਨੂੰ ਇਹ ਗੁਜਾਰਿਸ਼ ਕਰਾਂਗਾ ਕਿ ਭਾਵੇਂ ਕਿਸੇ ਜਨਰਲ ਕੈਟਾਗਰੀ ਦੇ ਐਮ.ਐਲ.ਏਜ਼ ਨੂੰ ਉਥੇ ਭੇਜ ਕੇ ਉਸ ਸੰਸਥਾ ਦੇ ਜਿਹੜੇ ਹੋਸਟਲ ਹਨ, ਉਨ੍ਹਾਂ ਦੀ ਚੈਕਿੰਗ ਕਰਵਾ ਲਵੋ। ਉਥੇ ਪਰਾਪਰ ਵੈਂਟੀਲੇਸ਼ਨ ਦਾ ਪ੍ਰਬੰਧ ਨਹੀਂ ਹੈ...

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸ਼੍ਰੀ ਨੱਥੂ ਰਾਮ:** ਸਪੀਕਰ ਸਾਹਿਬ, ਮੈਂ ਇਸ ਬਾਰੇ ਸੀ.ਐਮ. ਸਾਹਿਬ ਨੂੰ ਵੀ ਮਿਤੀ 11.7.2019 ਨੂੰ ਪਰਸਨਲੀ ਮਿਲ ਕੇ ਬੇਨਤੀ ਕੀਤੀ ਸੀ ਕਿ ਉਸ ਸੰਸਥਾ ਵਿੱਚੋਂ ਵਿਦਿਆਰਥੀ ਆਈ.ਏ.ਐਸ., ਆਈ.ਪੀ.ਐਸ ਅਤੇ ਹੋਰ ਕੈਟਾਗਰੀ ਦੇ ਅਫ਼ਸਰ ਬਣਨ ਲਈ ਤਿਆਰੀ ਕਰਦੇ ਹਨ।ਇਹ ਸੰਸਥਾ ਉਸ ਸ਼ਖਸੀਅਤ ਦੇ ਨਾਮ ਤੇ ਬਣੀ ਹੈ, ਜਿਨ੍ਹਾਂ ਨੇ ਸਾਡਾ ਸੰਵਿਧਾਨ ਲਿਖਿਆ ਅਤੇ ਜਿਨ੍ਹਾਂ ਕਰਕੇ ਅੱਜ ਅਸੀਂ ਇਸ ਸਦਨ ਵਿਚ ਬਿਰਾਜਮਾਨ ਹਾਂ।

**ਮਾਨਯੋਗ ਸਪੀਕਰ:** ਤੁਸੀਂ ਉਸ ਸੰਸਥਾ ਵਿਚ ਬਤੌਰ ਕਮੇਟੀ ਦੇ ਚੇਅਰਮੈਨ ਗਏ ਸੀ?

**ਸ਼੍ਰੀ ਨੱਥੂ ਰਾਮ:** ਜੀ ਹਾਂ।

**ਮਾਨਯੋਗ ਸਪੀਕਰ:** ਤੁਸੀਂ ਹਾਊਸ ਨੂੰ ਉਸ ਦੀ ਰਿਪੋਰਟ ਦਿਓ।

**ਸ਼੍ਰੀ ਨੱਥੂ ਰਾਮ:** ਉਹ ਰਿਪੋਰਟ ਵੀ ਦਿੱਤੀ ਹੈ ਜੀ। ਮੈਂ ਪ੍ਰਸ਼ਨ ਇਸ ਕਰਕੇ ਕੀਤਾ ਹੈ ਤਾਂ ਕਿ ਉਥੇ ਜਿਹੜੀਆਂ ਬੱਚੀਆਂ ਪੜ੍ਹ ਰਹੀਆਂ ਹਨ, ਉਨ੍ਹਾਂ ਵਾਸਤੇ immediately proper ਇੰਤਜ਼ਾਮ ਹੋ ਸਕੇ। ਕੂਲਰ ਦਾ ਇੰਤਜ਼ਾਮ ਹੋਵੇ, ਪਰਾਪਰ ਵੈਂਟੀਲੇਸ਼ਨ ਹੋਵੇ।

**ਮਾਨਯੋਗ ਸਪੀਕਰ:** ਸਰਦਾਰ ਸਾਧੂ ਸਿੰਘ ਜੀ, ਜਵਾਬ ਦਿਓ।

**ਮੰਤਰੀ:** ਸਪੀਕਰ ਸਾਹਿਬ...

**ਸ਼੍ਰੀ ਨੱਥੂ ਰਾਮ:** ਮੰਤਰੀ ਜੀ, ਇਕ ਮਿੰਟ ਬੈਠ ਜਾਓ, ਤੁਸੀਂ ਸਾਡੇ ਛੋਟੇ ਭਰਾ ਹੋ, ਇਕ ਮਿੰਟ ਚੁੱਪ ਕਰਕੇ ਬੈਠ ਜਾਓ। (ਹਾਸਾ) ਸਪੀਕਰ ਸਾਹਿਬ, ਉਥੇ ਇਕ ਹੋਰ ਮਾੜੀ ਗੱਲ ਇਹ ਹੈ ਕਿ ਐਤਵਾਰ ਵਾਲੇ ਦਿਨ ਜਾਂ ਗਜ਼ਟਿਡ ਛੁੱਟੀ ਵਾਲੇ ਦਿਨ ਲੰਚ ਜਾਂ ਡਿਨਰ ਤਿਆਰ ਨਹੀਂ ਹੁੰਦਾ, ਬੱਚੇ ਬਾਹਰ ਜਾ ਕੇ ਲੰਚ-ਡਿਨਰ ਕਰਦੇ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਢਾਈ ਸਾਲਾਂ ਵਿਚ ਮੰਤਰੀ ਜੀ ਨੇ ਉਸ ਸੰਸਥਾ ਦਾ ਦੌਰਾ ਕੀਤਾ ਹੈ? ਮੈਂ ਇਨ੍ਹਾਂ ਨੂੰ ਪਿਛਲੀ 2 ਤਰੀਕ ਨੂੰ ਮਿਲ ਕੇ ਆਇਆ ਸੀ, ਇਨ੍ਹਾਂ ਨੇ ਕਿਹਾ ਸੀ ਕਿ ਮੈਂ ਖੁਦ ਉਥੇ ਜਾ ਕੇ ਚੈੱਕ ਕਰਕੇ ਆਵਾਂਗਾ। ਕੀ ਮੰਤਰੀ ਜੀ 2 ਤਰੀਕ ਤੋਂ ਬਾਅਦ ਉਥੇ ਗਏ ਹਨ ਅਤੇ ਕੀ ਉਸ ਸੰਸਥਾ ਦੇ ਪ੍ਰਬੰਧਾਂ ਨੂੰ ਠੀਕ ਕਰਨ ਲਈ ਕੋਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ? ਇਸ ਤੋਂ ਇਲਾਵਾ ਉਸ ਸੰਸਥਾ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਕੀ ਇੰਤਜ਼ਾਮ ਕੀਤੇ ਜਾ ਰਹੇ ਹਨ।

**ਮਾਨਯੋਗ ਸਪੀਕਰ:** ਸ਼੍ਰੀ ਨੱਥੂ ਰਾਮ ਜੀ, ਇਕ ਸਮੇਂ ਵਿੱਚ ਇਕ ਹੀ ਸਵਾਲ ਕਰ ਸਕਦੇ ਹੋ। ਮੰਤਰੀ ਜੀ, ਜਵਾਬ ਦਿਓ।

**ਮੰਤਰੀ:** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬਹੁਤ ਅੱਛਾ ਸਵਾਲ ਕੀਤਾ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਸਵਾਲ ਇਨ੍ਹਾਂ ਨੇ ਕੀਤਾ ਸੀ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ ਪਰ ਜਿਹੜੀ ਇਨ੍ਹਾਂ ਨੇ ਬਾਅਦ ਵਿਚ ਗੱਲ ਕਹੀ ਹੈ, ਅਸੀਂ ਵੀ ਇਨ੍ਹਾਂ ਘਰਾਣਿਆਂ ਵਿਚੋਂ ਉਠੇ ਹਾਂ, ਜ਼ਮੀਨ ਵਿਚੋਂ ਪੈਦਾ ਹੋਏ ਹਾਂ, ਸਾਨੂੰ ਵੀ ਉਨ੍ਹਾਂ ਦਾ ਦਰਦ

ਹੈ।ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਵੀ ਊਣਤਾਈ ਹੋਵੇਗੀ ਉਸ ਨੂੰ ਜਲਦੀ ਤੋਂ ਜਲਦੀ ਦੂਰ ਕੀਤਾ ਜਾਵੇਗਾ।

**ਮਾਨਯੋਗ ਸਪੀਕਰ:** ਸਾਧੂ ਸਿੰਘ ਜੀ, ਜਵਾਬ ਨਹੀਂ ਆਇਆ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਇਕ ਮਿੰਟ ਮਾਣੂਕੇ ਜੀ, ਬੈਠੋ।ਮੰਤਰੀ ਜੀ, ਮੈਂਬਰ ਸਾਹਿਬ ਨੇ ਦੋ ਸਵਾਲ ਪੁੱਛੇ ਹਨ। ਪਹਿਲਾ ਸਵਾਲ ਇਹ ਹੈ ਕਿ ਕੀ ਤੁਸੀਂ ਜਾ ਕੇ spot inspection ਕੀਤੀ ਹੈ, ਮੌਕੇ ਤੇ ਗਏ ਹੋ?

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਦਾ ਸਵਾਲ ਸੀ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ।

**ਮਾਨਯੋਗ ਸਪੀਕਰ:** ਨਹੀਂ,ਨਹੀਂ, ਉਨ੍ਹਾਂ ਨੇ ਸਪਲੀਮੈਂਟਰੀ ਵਿਚ ਸਵਾਲ ਪੁੱਛਿਆ ਹੈ। ਆਪਾਂ ਇਸ ਤਰ੍ਹਾਂ ਨਹੀਂ ਕਰ ਸਕਦੇ। ਉਨ੍ਹਾਂ ਨੇ ਇਹ ਵੀ ਸਵਾਲ ਪੁੱਛਿਆ ਹੈ ਕਿ ਕੀ ਤੁਸੀਂ ਕੋਈ ਖੁਲਾਸਾ ਕਰ ਸਕਦੇ ਹੋ ਕਿ ਹੁਣ ਤੱਕ ਆਪਾਂ ਉਸ ਸੰਸਥਾ ਦੇ ਪ੍ਰਬੰਧਾਂ ਵਿਚ ਸੁਧਾਰ ਕਰਨ ਲਈ ਕੋਈ ਕਦਮ ਚੁੱਕੇ ਹਨ?

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਜਲਦੀ ਹੀ ਜੋ ਵੀ ਊਣਤਾਈ ਹੈ, ਉਹ ਦੂਰ ਕਰਾਂਗੇ। ਮੈਂ ਉਥੇ ਜਾਵਾਂਗਾ, ਦੇਖਾਂਗਾ ਅਤੇ ਪੂਰੇ ਪ੍ਰਬੰਧ ਕਰਕੇ ਜਿਹੜੀ ਵੀ ਊਣਤਾਈ ਹੈ, ਉਸ ਨੂੰ ਦੂਰ ਕਰਾਂਗੇ।

**ਮਾਨਯੋਗ ਸਪੀਕਰ:** ਲਓ ਜੀ, ਜਵਾਬ ਆ ਗਿਆ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪਲੀਮੈਂਟਰੀ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਪਹਿਲਾਂ ਇਹ ਵੀ ਕਿਹਾ ਸੀ ਕਿ ਐਸ.ਸੀ./ਐਸ.ਟੀ. ਸਕਾਲਰਸ਼ਿਪ ਮਿਲ ਜਾਵੇਗੀ ਪਰ ਤਿੰਨ ਸਾਲ ਲੰਘ ਗਏ ਹਨ।ਹੁਣ ਮੈਨੂੰ ਲਗਦਾ ਹੈ ਕਿ ਇਸ ਮਸਲੇ ਤੇ ਵੀ ਤਿੰਨ ਸਾਲ ਹੋਰ ਲੰਘ ਜਾਣਗੇ। ਮੇਰੀ ਬੇਨਤੀ ਹੈ ਕਿ ਇਹ ਸਮਾਂ-ਬੱਧ ਕਰ ਦੇਣ ਕਿ ਇਕ ਕਦੋਂ ਉਥੇ ਜਾਣਗੇ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਮੈਂ ਜਾਵਾਂਗਾ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਪਹਿਲਾਂ ਵੀ ਤਿੰਨ ਸਾਲ ਲੰਘ ਗਏ ਹਨ, ਹੁਣ ਵੀ ਤਿੰਨ ਸਾਲ ਲੰਘ ਜਾਣਗੇ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਲੀਡਰ ਆਫ਼ ਦਿ ਆਪੋਜੀਸ਼ਨ ਦੀ ਕਦਰ ਕਰਦਾ ਹਾਂ। ਮੈਂ ਛੇਤੀ ਹੀ ਉਥੇ ਜਾਵਾਂਗਾ। ਮੈਂ ਅੱਜ ਵੀ ਜਾ ਸਕਦਾ ਹਾਂ, ਕੱਲ੍ਹ ਵੀ ਜਾ ਸਕਦਾ ਹਾਂ, ਪਰਸੋਂ ਵੀ ਜਾ ਸਕਦਾ ਹਾਂ। ਜਦੋਂ ਵੀ ਮੇਰਾ ਜੀਅ ਕੀਤਾ ਜਲਦੀ ਤੋਂ ਜਲਦੀ ਉਥੇ ਜਾਵਾਂਗਾ। (ਵਿਘਨ..ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਨੱਥੂ ਰਾਮ ਜੀ ਦੇ ਨਾਲ ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਵਿਚ ਖੁਦ ਗਈ ਸੀ ਪਰ ਉਥੇ ਜਾ ਕੇ ਮੈਨੂੰ ਇਕ ਗੱਲ ਬਹੁਤ ਦੁਖਦਾਈ ਲੱਗੀ। ਉਨ੍ਹਾਂ ਘਰਾਂ ਦੇ ਬੱਚੇ ਜਿਹੜੇ ਬਹੁਤ ਇੰਟੈਲੀਜੈਂਟ ਹਨ ਅਤੇ ਆਪਣਾ ਭਵਿੱਖ ਬਣਾਉਣ ਲਈ ਉਥੇ ਆਉਂਦੇ ਹਨ, ਜੇਕਰ ਉਸ ਇੰਸਟੀਚਿਊਟ ਦੀ ਬਿਜਲੀ ਛੁੱਟੀ ਤੋਂ ਇਕ ਦਿਨ ਪਹਿਲਾਂ ਚਲੀ ਜਾਵੇ ਜਾਂ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਆ ਜਾਵੇ ਤਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਅੱਜ ਛੁੱਟੀ ਦਾ ਦਿਨ ਹੈ, ਤੁਸੀਂ ਸੋਮਵਾਰ ਦੀ ਉਡੀਕ ਕਰੋ ਜਾਂ ਜਦੋਂ ਇਲੈਕਟ੍ਰੀਸ਼ਨ ਆਵੇਗਾ ਤਾਂ ਲਾਈਟ ਠੀਕ ਹੋਵੇਗੀ। ਦੂਜੀ ਗੱਲ, ਨੱਥੂ ਰਾਮ ਜੀ ਨੇ ਪਹਿਲਾਂ ਹੀ ਕਹਿ ਦਿੱਤੀ ਹੈ। ਉਥੇ ਜ਼ਿਆਦਾ ਲੜਕੀਆਂ ਹੀ ਹਨ, ਲੜਕੇ ਬਹੁਤ ਘੱਟ ਹਨ। ਐਤਵਾਰ ਵਾਲੇ ਦਿਨ ਜਾਂ ਗਜ਼ਟਿਡ ਛੁੱਟੀ ਵਾਲੇ ਦਿਨ

ਉਥੇ ਖਾਣਾ ਮੁਹੱਈਆ ਨਹੀਂ ਕਰਵਾਇਆ ਜਾਂਦਾ। ਉਹ ਲੜਕੀਆਂ ਬ੍ਰੇਕਫਾਸਟ ਤੇ ਲੰਚ ਤਾਂ ਬਾਹਰ ਕਰ ਸਕਦੀਆਂ ਹਨ ਪਰ ਜੇਕਰ ਧੀਆਂ ਡਿਨਰ ਦੇ ਸਮੇਂ ਅਣਜਾਣ ਜਗ੍ਹਾ ਤੇ ਬਾਹਰ ਨਿਕਲਣਗੀਆਂ ਅਤੇ ਕੋਈ mishappening ਹੋ ਗਈ ਤਾਂ ਕੌਣ ਜ਼ਿੰਮੇਵਾਰ ਹੋਵੇਗਾ। ਮੈਂ ਮੰਤਰੀ ਜੀ ਨੂੰ ਇਕ ਗੱਲ ਇਹ ਵੀ ਪੁੱਛਣਾ ਚਾਹੁੰਦੀ ਹਾਂ ਕਿ ਅਸੀਂ ਕਰੋੜਾਂ ਰੁਪਿਆ ਇਸ ਇੰਸਟੀਚਿਊਟ ਤੇ ਖਰਚ ਰਹੇ ਹਾਂ।ਹੁਣ ਇਥੇ ਸਿਰਫ 2 ਹੀ ਟੀਚਰਜ਼ ਹਨ ਬਾਕੀ ਸਭ ਰਿਟਾਇਰ ਹੋ ਚੁੱਕੇ ਹਨ। ਮੈਨੂੰ ਇੰਨਾ ਹੀ ਦੱਸਿਆ ਜਾਵੇ ਕਿ ਇੱਕ ਸਾਲ ਵਿੱਚ ਇਸ ਇੰਸਟੀਚਿਊਟ ਨੇ ਕਿੰਨੇ ਬੱਚਿਆਂ ਨੂੰ ਆਈ.ਏ.ਐਸ ਤੇ ਪੀ.ਸੀ.ਐਸ ਦਾ ਪੇਪਰ ਕਲੀਅਰ ਕਰਵਾਇਆ ਗਿਆ ਹੈ? ਕਿੰਨੇ ਬੱਚੇ ਇਹ ਟੈਸਟ ਕਲੀਅਰ ਕਰਕੇ ਇੱਥੋਂ ਨਿਕਲ ਚੁੱਕੇ ਹਨ? ਸਟੈਨੋਟਾਈਪਿਸਟ ਜਾਂ ਕਲਰਕ ਦੀ ਗੱਲ ਕਰੀਏ, ਜਿੱਥੇ ਇਸ ਤਰ੍ਹਾਂ ਦੀਆਂ ਇੰਸਟੀਚਿਊਸ਼ਨ ਬਣੀਆਂ ਹੋਈਆਂ ਹਨ, ਪਟਿਆਲਾ, ਮੋਹਾਲੀ ਆਦਿ ਮੈਕਸੀਮਮ ਏਰੀਏ ਵਿੱਚ ਅੰਗਰੇਜ਼ੀ ਟਾਈਪ ਦਾ ਟੀਚਰ ਹੀ ਨਹੀਂ ਹੈ। ਜੇ ਸਰਕਾਰ ਇਨ੍ਹਾਂ ਚੀਜ਼ਾਂ ਤੇ ਖਰਚ ਕਰ ਰਹੀ ਹੈ, ਸਰਕਾਰ ਦਾ ਕਿੰਨਾ ਹੀ ਪੈਸਾ ਲੱਗ ਰਿਹਾ ਹੈ ਤਾਂ ਸਰਕਾਰ ਨੂੰ ਜ਼ਰੂਰ ਇਸ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਮਾਣੂਕੇ ਜੀ, ਅਸੀਂ ਤੁਹਾਡੇ ਧੰਨਵਾਦੀ ਹਾਂ, ਤੁਹਾਡੀ ਕਮੇਟੀ ਨੇ ਬੜਾ ਅੱਛਾ ਕੰਮ ਕੀਤਾ ਹੈ। ਇੱਕ ਅਣਗੌਲਿਆ ਸਬਜੈਕਟ ਸੀ। ਉਥੇ ਜਾ ਕੇ ਸਾਰਾ ਕੁਝ ਕੀਤਾ ਹੈ ਪਰ ਜਵਾਬ ਵਿੱਚ ਸਾਰੀਆਂ ਚੀਜ਼ਾਂ ਆ ਗਈਆਂ ਹਨ। ਵਜ਼ੀਰ ਸਾਹਿਬ ਹਾਲੇ ਉਥੇ ਗਏ ਨਹੀਂ ਹਨ ਪਰ ਉਨ੍ਹਾਂ ਨੇ ਹਾਊਸ ਵਿੱਚ ਐਸ਼ਿਓਰ ਕਰ ਦਿੱਤਾ ਹੈ ਕਿ 2-3 ਦਿਨ ਦੇ ਅੰਦਰ ਉੱਥੇ ਜਾਣਗੇ ਅਤੇ ਇਸ ਦੇ ਵਿੱਚ ਜਿਹੜੇ ਜ਼ਰੂਰੀ ਕੰਮ ਹਨ,ਉਹ ਵੀ ਕਰਨਗੇ। ਬਾਕੀ ਤਾਂ ਰੈਪੀਟੀਸ਼ਨ ਹੈ।

**ਮੰਤਰੀ:** ਸਪੀਕਰ ਸਾਹਿਬ, ਇੱਕ ਮਹੀਨੇ ਦੇ ਅੰਦਰ-ਅੰਦਰ ਇਨ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਰਹੇਗੀ। ਸਿਰਫ਼ ਇੱਕ ਮਹੀਨੇ ਦਾ ਸਮਾਂ ਦਿਓ।

---

## ਬੱਸੀ ਪਠਾਣਾ ਅਤੇ ਖੇੜੀ ਨੌਧ ਸਿੰਘ ਵਿਖੇ ਨਵਾਂ ਡਿਗਰੀ ਕਾਲਜ ਖੋਲ੍ਹਣਾ

*2217. **ਸਰਦਾਰ ਗੁਰਪ੍ਰੀਤ ਸਿੰਘ** : ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖੇੜੀ ਨੌਧ ਸਿੰਘ, ਜਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਬੱਸੀ ਪਠਾਣਾ (ਫਤਿਹਗੜ੍ਹ ਸਾਹਿਬ) ਵਿਖੇ ਪਹਿਲਤਾ ਦੇ ਅਧਾਰ ਦੇ ਨਵਾਂ ਡਿਗਰੀ ਕਾਲਜ ਖੋਲ੍ਹਣ ਲਈ ਵਿਚਾਰ ਕਰੇਗੀ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਨਹੀਂ ਜੀ।

**ਸਰਦਾਰ ਗੁਰਪ੍ਰੀਤ ਸਿੰਘ:** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਆਪਣੀ ਸਰਕਾਰ ਬਣੀ ਸੀ ਤਾਂ ਸਬ-ਡਵੀਜ਼ਨ ਲੈਵਲ ਤੇ ਸਾਨੂੰ ਦੋ ਕਾਲਜ ਮਿਲੇ ਸਨ, ਇੱਕ ਬੱਸੀ ਲਈ ਅਤੇ ਇੱਕ ਖਮਾਣੋਂ ਲਈ ਮਿਲਿਆ ਸੀ ਪਰ ਇਹ ਹੁਣ ਤੱਕ ਨਹੀਂ ਖੁੱਲ੍ਹੇ। 35-40 ਪਿੰਡ ਖੇੜੀ ਨੌਧ ਸਿੰਘ ਦੇ ਕੋਲ ਪੈਂਦੇ ਹਨ। ਸਾਡੇ ਬੱਚੇ ਬਹੁਤ ਜ਼ਿਆਦਾ ਹੈਰਾਨ ਹੁੰਦੇ ਹਨ। ਮੰਤਰੀ ਸਾਹਿਬ ਜਲਦੀ ਤੋਂ ਜਲਦੀ ਇੱਥੇ ਕਾਲਜ ਖੋਲ੍ਹਣ ਤਾਂ ਕਿ ਸਾਡੇ ਨੌਜਵਾਨ ਹੈਰਾਨ ਪਰੇਸ਼ਾਨ ਨਾ ਹੋਣ।

**ਮੰਤਰੀ :** ਸਪੀਕਰ ਸਾਹਿਬ, ਫਤਹਿਗੜ੍ਹ ਸਾਹਿਬ ਕਾਲਜ ਖੋਲ੍ਹਿਆ ਜਾ ਰਿਹਾ ਹੈ। ਸੀ.ਐਮ ਨਾਲ ਗੱਲਬਾਤ ਕਰਕੇ ਜੇਕਰ ਇਜਾਜ਼ਤ ਮਿਲੇਗੀ ਕਿ ਉਥੇ ਵੀ ਖੋਲ੍ਹ ਦਿੱਤਾ ਜਾਵੇ ਤਾਂ ਫਿਰ ਅਸੀਂ ਉਥੇ ਖੋਲ੍ਹ ਦਿਆਂਗੇ ਜਾਂ ਨਵਾਂ ਖੋਲ੍ਹਣ ਦੀ ਇਜਾਜ਼ਤ ਮਿਲੇਗੀ, ਇਸ ਬਾਰੇ ਅਸੀਂ ਗੱਲ ਕਰ ਲਵਾਂਗੇ।

---

## ਆਈ.ਟੀ.ਆਈ. ਖੋਲ੍ਹਣਾ

*** 2156. ਸਰਦਾਰ ਕੁਲਵੰਤ ਸਿੰਘ ਪੰਡੋਰੀ** :- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਹੇਡੀਕੇ, ਜ਼ਿਲ੍ਹਾ ਮੋਗਾ ਵਿਖੇ ਆਈ.ਟੀ.ਆਈ. ਬਨਾਉਣ ਦਾ ਸਰਕਾਰ ਨੇ ਕੋਈ ਫ਼ੈਸਲਾ ਕੀਤਾ ਸੀ; ਜੇਕਰ ਕੀਤਾ ਸੀ ਤਾਂ ਉਸ ਦੀ ਤਾਜ਼ਾ ਸਥਿਤੀ ਕੀ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ:** ਨਹੀਂ, ਪਿੰਡ ਹੇਡੀਕੇ, ਜ਼ਿਲ੍ਹਾ ਮੋਗਾ ਵਿਖੇ ਆਈ.ਟੀ.ਆਈ. ਬਣਾਉਣ ਦਾ ਸਰਕਾਰ ਨੇ ਕੋਈ ਫ਼ੈਸਲਾ ਨਹੀਂ ਕੀਤਾ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਮਿਸਟੇਕ ਨਾਲ ਜ਼ਿਲ੍ਹਾ ਮੋਗਾ ਲਿਖਿਆ ਗਿਆ ਹੈ। ਇਹ ਮੇਰੇ ਹਲਕੇ ਦਾ ਹੇੜੀਕੇ ਪਿੰਡ ਹੈ। ਮੈਂ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀ ਆਈ.ਟੀ.ਆਈ ਦੀ ਗੱਲ ਹੈ, ਇਥੇ 15 ਸਾਲ ਤੋਂ ਨੀਂਹ ਪੱਥਰ ਧਰੇ ਜਾ ਰਹੇ ਹਨ। ਪਹਿਲਾਂ ਕਾਂਗਰਸ ਸਰਕਾਰ ਨੇ ਧਰਿਆ ਸੀ, ਨੀਂਹ ਪੱਥਰ ਦੀ ਕਾਪੀ ਮੰਤਰੀ ਸਾਹਿਬ ਨੂੰ ਪਹੁੰਚਾ ਦਿੱਤੀ ਹੈ। ਅਕਾਲੀ ਦਲ ਨੇ ਵੀ ਨੀਂਹ ਪੱਥਰ ਧਰਿਆ ਸੀ ਪਰ ਪੰਜ ਸਾਲ ਤੋਂ ਪੰਚਾਇਤ ਦੀ ਜ਼ਮੀਨ ਉਥੇ ਬਾਂਡ ਹੋਈ ਪਈ ਹੈ। ਇਸ ਕਰਕੇ ਬੇਨਤੀ ਹੈ ਕਿ ਸਾਡੇ ਹਲਕੇ ਦੇ ਵਿੱਚ ਇੱਕ ਵੀ ਆਈ.ਟੀ.ਆਈ ਨਹੀਂ ਹੈ। ਬਰਨਾਲੇ ਦੇ ਵਿੱਚ ਇੱਕ ਹੀ ਆਈ.ਟੀ.ਆਈ ਹੈ। ਹਾਲਾਂਕਿ ਲੁਧਿਆਣੇ ਦੇ ਵਿੱਚ 8-10 ਆਈ.ਟੀ.ਆਈਜ਼ ਹਨ। ਹੋਰ ਵੀ ਵੱਖ-ਵੱਖ ਜ਼ਿਲ੍ਹਿਆਂ ਦੇ ਵਿੱਚ ਕਾਫ਼ੀ ਹਨ ਪਰ ਬਰਨਾਲੇ ਦੇ ਵਿੱਚ ਇੱਕ ਹੀ ਹੈ। 15 ਸਾਲ ਤੋਂ ਇਹ ਬਹੁਤ ਲੰਬੀ ਮੰਗ ਹੈ ਕਿਰਪਾ ਕਰਕੇ ਇਸ ਨੂੰ ਮਨਜ਼ੂਰ ਕੀਤਾ ਜਾਵੇ। ਕੀ ਮੰਤਰੀ ਜੀ ਕੋਈ ਸਮਾਂ ਤੈਅ ਕਰਨਗੇ?

**ਮੰਤਰੀ:**ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਪੰਡੋਰੀ ਜ਼ਿਲ੍ਹਾ ਮੋਗਾ ਲਿਖ ਦਿੱਤਾ ਹੈ। ਮੈਂ ਜ਼ਿਲ੍ਹਾ ਮੋਗਾ ਦੇ ਵਿੱਚ ਪਿੰਡ ਲੱਭਦਾ ਰਿਹਾ ਹੈ। ਮੈਂ ਮੋਗੇ ਵਾਲੇ ਐਮ.ਐਲ.ਏ ਸਾਹਿਬ ਨੂੰ ਵੀ ਪੁੱਛਿਆ ਹੈ, ਉਹ ਕਹਿੰਦੇ ਸਾਡੇ ਜ਼ਿਲ੍ਹੇ ਦੇ ਵਿੱਚ ਨਹੀਂ ਹੈ। ਮੈਂ ਅੱਜ ਇਨ੍ਹਾਂ ਨੂੰ ਟੈਲੀਫੋਨ ਕੀਤਾ ਸੀ ਕਿ ਸਾਨੂੰ ਇਹ ਮੋਗੇ ਦੇ ਵਿੱਚ ਪਿੰਡ ਨਹੀਂ ਮਿਲ ਰਿਹਾ ਹੈ। ਫਿਰ ਇਨ੍ਹਾਂ ਨੇ ਦੱਸਿਆ ਕਿ ਸੰਗਰੂਰ ਵਾਸਤੇ ਸਾਡੀ ਡਿਮਾਂਡ ਹੈ। ਇਨ੍ਹਾਂ ਨੇ ਐਪਲੀਕੇਸ਼ਨ ਵੀ ਭੇਜੀ ਹੈ। ਸਰ, ਜਿਸ ਤਰ੍ਹਾਂ ਇਨ੍ਹਾਂ ਨੇ ਦੱਸਿਆ ਹੈ ਕਿ ਜਗ੍ਹਾ ਦਿੱਤੀ ਹੋਈ ਹੈ, ਨੀਂਹ ਪੱਥਰ ਰੱਖਿਆ ਹੋਇਆ ਹੈ। ਸਾਰੀ ਚੀਜ਼ ਨੂੰ ਘੋਖ ਕੇ ਅਸੀਂ ਵਿਚਾਰ ਕਰਾਂਗੇ ਤਾਂ ਕਿ ਇਥੇ ਹੋ ਸਕੇ। ਮੇਰੇ ਵੱਲੋਂ ਜ਼ਰੂਰ ਕੋਸ਼ਿਸ਼ ਹੋਵੇਗੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2261

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਲਾਡ ਵਣਜਾਰਾ ਰਜਬਾਹਾ ਵਿੱਚੋਂ ਨਿਕਲਦੀ ਮੂਨਕ (ਸੰਗਰੂਰ) ਬ੍ਰਾਂਚ ਨੂੰ ਪੱਕਾ ਕਰਨਾ

*2230. **ਸਰਦਾਰ ਪਰਮਿੰਦਰ ਸਿੰਘ ਢੀਂਡਸਾ**: ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲਾਡ ਵਣਜਾਰਾ ਰਜਬਾਹਾ ਵਿੱਚੋਂ ਨਿਕਲਦੀ ਮੂਨਕ (ਜ਼ਿਲ੍ਹਾ ਸੰਗਰੂਰ) ਬ੍ਰਾਂਚ ਦੇ ਪੱਕਾ ਕਰਨ ਦੇ ਅਧੂਰੇ ਪਏ ਕੰਮ ਨੂੰ ਕਿੰਨੇ ਚਿਰ ਵਿੱਚ ਪੂਰਾ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਲਾਡ ਵਣਜਾਰਾ ਰਜਬਾਹੇ ਵਿੱਚੋਂ ਨਿਕਲਦੀ ਮੂਨਕ ਬ੍ਰਾਂਚ ਦੇ ਪੱਕਾ ਕਰਨ ਦੇ ਅਧੂਰੇ ਕੰਮ ਨੂੰ ਮਾਨਯੋਗ ਸਿਵਲ ਅਦਾਲਤ, ਮੂਨਕ ਵਿੱਚ ਚਲ ਰਹੇ ਕੋਰਟ ਕੇਸ ਦਾ ਫੈਸਲਾ ਹੋਣ ਉਪਰੰਤ, ਨਾਲ ਹੀ

ਤਬਦੀਲ ਹੋਈ ਨਵੀਂ ਅਲਾਈਨਮੈਂਟ ਵਿਚਕਾਰ ਆ ਰਹੇ ਦਰੱਖਤਾਂ ਨੂੰ ਕਟਵਾਉਣ ਉਪਰੰਤ ਅਤੇ ਫੰਡਜ਼ ਮਿਲਣ ਉਪਰੰਤ ਪੂਰਾ ਕੀਤਾ ਜਾਵੇਗਾ।

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਮੋਬਾਇਲ ਹੈਲਥ ਵੈਨਜ਼ ਚਲਾਉਣਾ

*2346. **ਸ਼੍ਰੀ ਦਲਬੀਰ ਸਿੰਘ ਗੋਲਡੀ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੁਆਰਾ ਨੈਸ਼ਨਲ ਪੇਂਡੂ ਹੈਲਥ ਮਿਸ਼ਨ ਦੇ ਤਹਿਤ ਵਿਧਾਨ ਸਭਾ ਹਲਕਾ ਪੱਧਰ ਤੇ ਮੋਬਾਇਲ ਹੈਲਥ ਵੈਨਜ਼ ਚਲਾਉਣ ਲਈ ਕੋਈ ਤਜਵੀਜ਼ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, ਮੋਬਾਇਲ ਹੈਲਥ ਵੈਨਜ਼ ਪਹਿਲਾਂ ਤੋਂ ਹੀ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਚੱਲ ਰਹੀਆਂ ਹਨ ਜੀ।

---

### ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਬਰਕੰਦੀ ਵਿੱਚ ਲੋੜੀਂਦਾ ਸਟਾਫ਼ ਮੁਹੱਈਆ ਕਰਵਾਉਣਾ

***2306. ਸਰਦਾਰ ਕੰਵਰਜੀਤ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (DIET), ਬਰਕੰਦੀ, ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਲੋੜੀਂਦਾ ਸਟਾਫ਼ ਨਹੀਂ ਹੈ ਅਤੇ 300 ਈ.ਟੀ.ਟੀ. ਦੇ ਵਿਦਿਆਰਥੀਆਂ ਲਈ ਕੇਵਲ 4 ਟੀਚਰ ਹਨ ਤੇ ਦਰਜਾ ਚਾਰ ਦਾ ਕੋਈ ਵੀ ਮੁਲਾਜ਼ਮ ਇਸ ਸੰਸਥਾ ਵਿੱਚ ਨਹੀਂ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਸੰਸਥਾ ਵਿੱਚ ਸਟਾਫ਼ ਦੀ ਅਤਿ ਭਾਰੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਹਾਂ ਜੀ।

(ਅ) ਇਹ ਕਾਰਵਾਈ ਅਧੀਨ ਹੈ।

---

## UNSTARRED QUESTIONS AND ANSWERS

### ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 284*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

---

* For Unstarred Question No. 284 and reply thereto please see_______.

## ਜ਼ਿਲ੍ਹਾ ਲੁਧਿਆਣਾ ਵਿੱਚ ਫੈਕਟਰੀਆਂ ਦੇ ਬੰਦ ਹੋਣ ਸਬੰਧੀ

285. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਲੁਧਿਆਣਾ ਜ਼ਿਲ੍ਹੇ ਦੇ ਸਾਰੇ ਹਲਕਿਆਂ ਵਿੱਚ ਸਾਲ 2007 ਤੋਂ ਸਾਲ 2017 ਕਿੰਨੀਆਂ ਫੈਕਟਰੀਆਂ ਬੰਦ ਹੋਈਆਂ, ਤਰਤੀਬਵਾਰ ਜਾਣਕਾਰੀ ਦਿੱਤੀ ਜਾਵੇ।

(ਅ) ਕੀ ਹਲਕਾ ਜਗਰਾਉਂ ਵਿੱਚ ਕੋਈ ਨਵੀਂ ਫੈਕਟਰੀ ਖੋਲ੍ਹਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ:** (ੳ) ਜ਼ਿਲ੍ਹਾ ਲੁਧਿਆਣਾ ਦੇ ਸਾਰੇ ਹਲਕਿਆਂ ਵਿੱਚ ਸਾਲ 2007 ਤੋਂ 2017 ਤੱਕ ਸਾਲ ਵਾਈਜ਼ ਬੰਦ ਹੋਏ ਅਦਾਰਿਆਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

| ਸਾਲ | 2007 | 2008 | 2009 | 2010 | 2011 | 2012 | 2013 | 2014 | 2015 | 2016 | 2017 |
|---|---|---|---|---|---|---|---|---|---|---|---|
| ਬੰਦ ਹੋਈਆਂ ਫੈਕਟਰੀਆਂ ਦੀ ਗਿਣਤੀ | 25 | 06 | 01 | 06 | 32 | - | 25 | 24 | 11 | 47 | 65 |

(ਅ) ਸਵਾਲ ਦੇ ਲੜੀ ਨੰ: (ਅ) ਦੇ ਸਬੰਧ ਵਿੱਚ ਉਦਯੋਗ ਅਤੇ ਵਣਜ, ਸੂਚਨਾ ਤਕਨਾਲੋਜੀ, ਨਿਵੇਸ਼ ਪ੍ਰੋਤਸਾਹਨ ਵਿਭਾਗ ਦੇ ਪੱਤਰ ਨੰ: ਅੰ.ਵਿ.ਪੱ: ਨੰ11/13/2019-ਏ.ਐਸ/03/1494 ਮਿਤੀ 02.08.2019 ਰਾਹੀਂ ਪ੍ਰਾਪਤ ਸੂਚਨਾ ਅਨੁਸਾਰ ਹਲਕਾ ਜਗਰਾਉਂ ਵਿੱਚ ਕੋਈ ਵੀ ਨਵੀਂ ਫੈਕਟਰੀ ਖੋਲ੍ਹਣ ਦੀ ਸਰਕਾਰ ਦੀ ਕੋਈ ਵੀ ਤਜਵੀਜ਼ ਨਹੀਂ ਹੈ।

---

## ਛੱਪੜਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਾ

**286. ਸ਼੍ਰੀ ਬੁੱਧ ਰਾਮ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬੁਢਲਾਡਾ ਸਬ ਡਵੀਜਨ ਵਿੱਚ ਬਹੁਤ ਸਾਰੇ ਪਿੰਡਾਂ ਜਿਵੇਂ ਕਿ ਗੁਰਨੇ ਕਲਾਂ, ਗੁੜੱਦੀ,ਦਾਤੇਵਾਸ, ਚਕ ਅਲੀਸ਼ੇਰ, ਅੱਕਾ ਵਾਲੀ, ਬੁੱਢਲਾਡਾ ਦੇ ਛੱਪੜਾਂ ਵਿੱਚ ਗੰਦਾ ਪਾਣੀ ਖੜ੍ਹਾ ਰਹਿੰਦਾ ਹੈ ਅਤੇ ਉਸ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸਾਰੇ ਪਿੰਡਾਂ ਦਾ ਵੇਰਵਾ ਦਿੱਤਾ ਜਾਵੇ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਪਿੰਡਾਂ ਦੇ ਛੱਪੜਾਂ ਦੇ ਗੰਦੇ ਪਾਣੀ ਦੇ ਨਿਕਾਸ ਕਰਨ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, (ੳ) ਇਸ ਸਬੰਧੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਮਾਨਸਾ ਨੇ ਰਿਪੋਰਟ ਕੀਤੀ ਹੈ ਕਿ ਪਿੰਡ ਗੁਰਨੇ ਕਲਾਂ ਦੇ ਛੱਪੜ ਦਾ ਪਾਣੀ ਇਸ ਸਮੇਂ ਓਵਰ ਫਲੋਅ ਨਹੀਂ ਹੋ ਰਿਹਾ ਹੈ ਪ੍ਰੰਤੂ ਜਦੋ ਕਦੇ ਓਵਰ ਫਲੋਅ ਹੁੰਦਾ ਹੈ ਤਾਂ ਪਾਣੀ ਲਿਫ਼ਟ ਕਰਕੇ ਖੇਤਾਂ ਦੀ ਸਿੰਜਾਈ ਲਈ ਵਰਤਿਆ ਜਾਂਦਾ ਹੈ। ਜਿੱਥੋਂ ਤੱਕ ਪਿੰਡ ਗੁੜੱਦੀ, ਦਾਤੇਵਾਸ, ਚੱਕ ਅਲੀਸ਼ੇਰ ਅਤੇ ਅੱਕਾਂ ਵਾਲੀ ਦੇ ਛੱਪੜਾਂ ਤੋਂ ਓਵਰ ਫਲੋਅ ਹੁੰਦੇ ਪਾਣੀ ਦਾ ਸਬੰਧ ਹੈ, ਇਨ੍ਹਾਂ ਪਿੰਡਾਂ ਦੇ ਛੱਪੜਾਂ ਦੇ ਓਵਰ ਫਲੋਅ ਹੁੰਦੇ ਪਾਣੀ ਦੀ ਨਿਕਾਸੀ ਨਾਲ ਲਗਦੇ ਨਹਿਰੀ ਖਾਲੇ ਵਿੱਚ ਕਰਨ ਲਈ ਪਾਈਪ ਲਾਈਨ ਵਿਛਾਈ ਹੋਈ ਹੈ। ਇਸੇ ਤਰ੍ਹਾਂ ਬੁਢਲਾਡਾ ਸਬ ਡਵੀਜ਼ਨ ਵਿੱਚ ਪੈਂਦੇ ਬਾਕੀ ਪਿੰਡਾਂ ਦੇ ਛੱਪੜ ਭਰ ਜਾਣ ਤੇ ਲੋੜ ਅਨੁਸਾਰ ਓਵਰ ਫਲੋਅ ਹੁੰਦੇ ਪਾਣੀ ਨੂੰ ਲਿਫ਼ਟ ਕਰਕੇ ਖੇਤਾਂ ਦੀ ਸਿੰਜਾਈ ਲਈ ਵਰਤ ਲਿਆ ਜਾਂਦਾ ਹੈ। ਜਿੱਥੇ ਕਿਤੇ ਪਿੰਡ ਨਾਲ ਲਗਦਾ ਬਰਸਾਤੀ ਖਾਲਾ ਉਪਲਬਧ ਹੈ, ਉਥੇ ਪਾਣੀ ਦੀ ਨਿਕਾਸੀ ਉਸ ਵਿੱਚ ਕਰ ਦਿੱਤੀ ਜਾਂਦੀ ਹੈ।

(ਅ) ਇਸ ਸਾਲ ਜੂਨ ਮਹੀਨੇ ਵਿੱਚ ਵਿਭਾਗ ਵੱਲੋਂ ਰਾਜ ਦੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਉਹ ਪੰਚਾਇਤਾਂ ਨੂੰ ਉਤਸ਼ਾਹਤ ਕਰਕੇ ਛੱਪੜਾਂ ਦੀ ਡੀਵਾਟਰਿੰਗ ਕਰਨ ਤਾਂ ਜੋ ਬਰਸਾਤਾਂ ਦੇ

ਮੌਸਮ ਵਿੱਚ ਛੱਪੜਾਂ ਦੇ ਓਵਰ ਫਲੋਅ ਹੋਣ ਦੀ ਸਮੱਸਿਆ ਨਾ ਹੋਵੇ। ਇਸ ਤੋਂ ਇਲਾਵਾ ਪੰਚਾਇਤਾਂ ਮਗਨਰੇਗਾ ਦੇ ਫੰਡਾਂ ਨੂੰ ਆਪਣੀ ਬਾਕੀ ਆਮਦਨ ਨਾਲ ਜੋੜ ਕੇ ਵੀ ਛੱਪੜਾਂ ਦੇ ਸੁਧਾਰ ਦੇ ਕੰਮ ਕਰ ਸਕਦੀ ਹੈ।

---

## ਮਿਡਲ ਸਕੂਲਾਂ ਨੂੰ ਅਪਗ੍ਰੇਡ ਕਰਨਾ

287. **ਸ਼੍ਰੀ ਬੁੱਧ ਰਾਮ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਿਡਲ ਸਕੂਲ ਵਿੱਚ ਪਹਿਲਾਂ ਹੀ 6 ਪੋਸਟਾਂ ਮਨਜ਼ੂਰ ਹੁੰਦੀਆਂ ਹਨ ਅਤੇ ਇਸ ਨੂੰ ਹਾਈ ਸਕੂਲ ਵਿੱਚ ਅਪਗ੍ਰੇਡ ਕਰਨ ਲਈ ਕੇਵਲ ਦੋ ਪੋਸਟਾਂ ਦੀ ਹੀ ਲੋੜ ਹੁੰਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਪੰਜਾਬ ਦੇ ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਦੇ ਤੌਰ ਤੇ ਅਪਗ੍ਰੇਡ ਕਰਨ ਲਈ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਨਹੀਂ ਜੀ, ਹਾਲ ਦੀ ਘੜੀ ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਦੇ ਪੱਧਰ ਤੱਕ ਅਪਗ੍ਰੇਡ ਕਰਨ ਹਿਤ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਸਕੂਲਾਂ ਨੂੰ ਅਪਗ੍ਰੇਡ ਕਰਨ ਸਬੰਧੀ ਵਿਭਾਗ ਵੱਲੋਂ ਮਿਤੀ 23.04.2018 ਨੂੰ ਪਾਲਿਸੀ ਬਣਾਈ ਗਈ ਹੈ। ਪਾਲਿਸੀ ਅਨੁਸਾਰ ਜੋ ਸਕੂਲ ਸ਼ਰਤਾਂ ਪੂਰੀਆਂ ਕਰਦੇ ਹਨ, ਉਨ੍ਹਾਂ ਨੂੰ ਸਮੇਂ ਸਮੇਂ ਤੇ ਅਪਗ੍ਰੇਡ ਕਰਨ ਸਬੰਧੀ ਵਿਚਾਰਿਆ ਜਾਂਦਾ ਹੈ।

---

## ਖਾਲੀ ਪਈਆਂ ਅਸਾਮੀਆਂ ਦੀ ਭਰਤੀ

**288. ਸ਼੍ਰੀ ਬੁੱਧ ਰਾਮ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਸਬ-ਡਵੀਜ਼ਨ ਦੇ ਪਿੰਡ ਬਹਾਦਰਪੁਰ ਵਿਖੇ ਇੱਕ ਯੂਨੀਵਰਸਿਟੀ ਕਾਲਜ ਚੱਲ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਉੱਥੇ ਕਿੰਨੀਆਂ ਅਸਾਮੀਆਂ ਮਨਜੂਰਸ਼ੁਦਾ ਹਨ, ਕਿੰਨੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਹਾਂ ਜੀ। ਬੁਢਲਾਡਾ ਸਬ-ਡਵੀਜ਼ਨ ਦੇ ਪਿੰਡ ਬਹਾਦਰਪੁਰ ਵਿਖੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਕਾਂਸਟੀਚੂਐਂਟ ਕਾਲਜ ਸੈਸ਼ਨ 2017-18 ਤੋਂ ਸਥਾਪਿਤ ਹੈ। ਇਸ ਕਾਲਜ ਵਿਖੇ ਕੋਈ ਵੀ ਮਨਜ਼ੂਰਸ਼ੁਦਾ ਆਸਾਮੀ ਨਹੀਂ ਹੈ। ਕਾਲਜ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਆਰਜ਼ੀ ਪ੍ਰਬੰਧ ਵਜੋਂ 23 ਅਧਿਆਪਕਾਂ (ਗੈਸਟ ਫੈਕਲਟੀ) ਅਤੇ 10 ਗੈਰ-ਅਧਿਆਪਨ (2 ਰੈਗੂਲਰ ਅਤੇ 8 ਆਉਟਸੋਰਸ ਰਾਹੀਂ) ਕਰਮਚਾਰੀਆਂ ਦੀ ਤੈਨਾਤੀ ਕੀਤੀ ਹੋਈ ਹੈ।

---

## ਬਰੇਟਾ ਵਿਖੇ ਸੜਕ ਬਨਾਉਣਾ

**289. ਸ੍ਰੀ ਬੁੱਧ ਰਾਮ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬਰੇਟਾ ਵਿਖੇ ਸੜਕ ਬਣਾਉਣ ਲਈ ਲੋਕ ਨਿਰਮਾਣ ਵਿਭਾਗ ਦੁਆਰਾ ਟੈਂਡਰ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਟੈਂਡਰ ਕਿਸ ਕੰਪਨੀ ਨੂੰ ਦਿੱਤਾ ਗਿਆ ਅਤੇ ਇਹ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਸੜਕ ਦਾ ਕੰਮ ਕਾਫ਼ੀ ਦੇਰ ਤੋ ਬੰਦ ਪਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਦੇ ਬੰਦ ਹੋਣ ਦੇ ਕੀ ਕਾਰਨ ਹਨ ਅਤੇ ਇਸ ਨੂੰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਨਹੀਂ ਜੀ। ਨਗਰ ਕੌਂਸਲ, ਬਰੇਟਾ ਦੀ ਹਦੂਦ ਅੰਦਰ ਬਣਨ ਵਾਲੀ ਸੜਕ ਦਾ ਬੀ.ਐਂਡ ਆਰ. ਵੱਲੋਂ ਕੋਈ ਟੈਂਡਰ ਨਹੀ ਦਿੱਤਾ ਗਿਆ। ਸਗੋਂ ਏਰੀਏ ਵਿੱਚ ਬਣਨ ਵਾਲੀ ਸੜਕ ਦਾ ਟੈਂਡਰ ਨਗਰ ਕੌਂਸਲ, ਬਰੇਟਾ ਵਲੋਂ ਮਿਤੀ 11-12-2018 ਨੂੰ ਮੰਗਿਆ ਗਿਆ। ਕੈਂਚੀਆਂ ਚੌਂਕ ਤੋਂ ਲੈ ਕੇ ਮਹਿੰਦਰ ਸਿੰਘ ਦੀ ਕੋਠੀ ਤੱਕ ਲਗਭਗ ਤਿੰਨ ਕਿਲੋਮੀਟਰ ਲੰਬੀ ਸੜਕ (ਐਸਟੀਮੇਟ ਕੌਸਟ 58.74 ਲੱਖ ਰੁਪਏ) ਦੇ ਟੈਂਡਰ ਲਗਾਏ ਸੀ, ਪ੍ਰੰਤੂ ਇਹ ਟੈਂਡਰ ਰਿਪੇਅਰ ਵਾਸਤੇ ਲਗਾਏ ਗਏ ਸੀ। ਲੋਕ ਸਭਾ ਦੀਆਂ ਚੋਣਾਂ ਕਰਕੇ ਚੋਣ ਜ਼ਾਬਤਾ ਹੋਣ ਕਰਕੇ ਇਹ ਕੰਮ ਸ਼ੁਰੂ ਨਹੀਂ ਕਰਵਾਏ ਗਏ। ਜਦੋਂ ਸੜਕ ਦੀ ਉਸਾਰੀ ਸ਼ੁਰੂ ਹੋਣੀ ਸੀ ਤਦ ਤੱਕ ਸੜਕ ਦੀ ਹਾਲਤ ਜ਼ਿਆਦਾ ਖਰਾਬ ਹੋ ਗਈ ਸੀ। ਜਿਸ ਦੀ ਰਿਪੇਅਰ ਕਰਨਾ ਸੰਭਵ ਨਹੀਂ ਸੀ। ਇਸ ਸੜਕ ਦੇ ਰਿਵਾਇਜ਼ਡ ਐਸਟੀਮੇਟ ਮੁਬਲਿਗ 96 ਲੱਖ ਰੁਪਏ ਦੇ ਤਿਆਰ ਹੋਏ ਹਨ, ਜਿਸ ਵਿੱਚ ਸੜਕ ਦੀ ਨਵੇਂ ਸਿਰੇ ਤੇ ਉਸਾਰੀ ਕੀਤੀ ਜਾਣੀ ਹੈ। ਇਸ ਸੜਕ ਦੇ ਰਿਵਾਇਜ਼ਡ ਐਸਟੀਮੇਟ ਨਗਰ ਕੌਸਲ, ਬਰੇਟਾ ਦੀ ਮੀਟਿੰਗ ਵਿੱਚ ਪਾਸ ਹੋਣ ਉਪਰੰਤ, ਕੰਮ ਅਲਾਟ ਹੋਣ ਤੇ ਛੇਤੀ ਸੁਰੂ ਕਰਵਾ ਦਿੱਤਾ ਜਾਵੇਗਾ ।

(ਅ) ਜੀ ਹਾਂ, ਇਸ ਸੜਕ ਦਾ ਕੰਮ ਕਾਫ਼ੀ ਦੇਰ ਤੋ ਬੰਦ ਪਿਆ ਹੈ । ਇਹ ਕੰਮ ਚੋਣ ਜ਼ਾਬਤਾ ਲੱਗੇ ਹੋਣ ਕਾਰਨ ਅਤੇ ਐਸਟੀਮੇਟ ਰਿਵਾਈਜ਼ ਹੋਣ ਕਾਰਨ ਸ਼ੁਰੂ ਨਹੀ ਕਰਵਾਇਆ ਜਾ ਸਕਿਆ।ਹੁਣ ਨਗਰ ਕੌਂਸਲ, ਬਰੇਟਾ ਦੀ ਮੀਟਿੰਗ ਵਿੱਚ ਰਿਵਾਈਜ਼ਡ ਐਸਟੀਮੇਟ ਮੁਬਲਿਗ 96 ਲੱਖ ਰੁਪਏ ਦੇ ਪਾਸ ਹੋਣ ਉਪਰੰਤ, ਕੰਮ ਅਲਾਟ ਹੋਣ ਤੇ ਛੇਤੀ ਸ਼ੁਰੂ ਕਰਵਾ ਦਿੱਤਾ ਜਾਵੇਗਾ ।

---

## ਪਿੰਡਾਂ ਦੇ ਸਾਈਨ ਬੋਰਡ ਠੀਕ ਕਰਨਾ

290. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫ਼ਰੀਦਕੋਟ-ਬਠਿੰਡਾ ਹਾਈਵੇਅ ਉੱਤੇ ਪੈਂਦੇ ਪਿੰਡਾਂ ਦੇ ਸਾਈਨ ਬੋਰਡ ਗਲਤ ਲੱਗੇ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਠੀਕ ਕੀਤੇ ਜਾਣਗੇ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ੍ਰੀਮਾਨ ਜੀ, ਫ਼ਰੀਦਕੋਟ-ਬਠਿੰਡਾ ਹਾਈਵੇਅ ਤੇ ਸਾਰੇ ਸਾਈਨ ਬੋਰਡ ਸੜਕ ਦੇ ਅਪਰੂਵਡ ਸਾਈਨੇਜ ਪਲਾਨ ਅਨੁਸਾਰ ਲੱਗੇ ਹੋਏ ਹਨ ਅਤੇ ਠੀਕ ਹਨ ।

---

## ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 291*

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

---

## ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 292*

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

---

## ਕੋਟਕਪੂਰਾ ਵਿਖੇ ਸੀਵਰੇਜ, ਸੜਕਾਂ ਅਤੇ ਸਟ੍ਰੀਟ ਲਾਈਟਾਂ ਲਗਾਉਣਾ

293. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

---

* For Unstarred Questions No. 291, 292 and replies thereto please see_______.

(ੳ) ਕੋਟਕਪੂਰਾ ਸ਼ਹਿਰ ਵਿੱਚ ਸੀਵਰੇਜ, ਸੜਕਾਂ ਬਣਾਉਣ ਅਤੇ ਸਟ੍ਰੀਟ ਲਾਈਟਾਂ ਲਗਾਉਣ ਦੇ ਕੰਮ ਦਾ ਠੇਕਾ ਕਿਸ ਕੰਪਨੀ ਨੂੰ ਦਿੱਤਾ ਗਿਆ, ਇਸ ਕੰਮ ਦੀਆਂ ਕੰਪਨੀ ਨਾਲ ਸ਼ਰਤਾਂ ਦੇ ਵੇਰਵੇ ਕੀ ਹਨ;

(ਅ) ਕੋਟਕਪੂਰਾ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀਆਂ ਪਾਈਪਾਂ ਪਾਉਣ ਲਈ ਠੇਕਾ ਕਿਹੜੀ ਕੰਪਨੀ ਨੂੰ ਦਿੱਤਾ ਗਿਆ, ਇਸ ਕੰਮ ਦੀਆਂ ਕੀ ਸ਼ਰਤਾਂ ਹਨ, ਕਿੰਨੀ ਰਾਸ਼ੀ ਨਿਸ਼ਚਿਤ ਕੀਤੀ ਗਈ ਹੈ, ਹੁੱਣ ਤੱਕ ਕਿੰਨੀਆਂ ਪਾਈਪਾਂ ਪਾਈਆਂ ਜਾ ਚੁੱਕੀਆਂ ਹਨ ਅਤੇ ਕਿੰਨੀਆਂ ਦਾ ਕੰਮ ਬਾਕੀ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਸ਼ਹਿਰ ਕੋਟਕਪੂਰਾ ਵਿਖੇ ਸੀਵਰੇਜ, ਘਰਾਂ ਦੇ ਕੁਨੈਕਸ਼ਨ, ਐਸ.ਟੀ.ਪੀ, ਸੜਕਾਂ ਬਣਾਉਣਾ ਅਤੇ ਸਟ੍ਰੀਟ ਲਾਈਟਾਂ ਲਗਾਉਣ ਦਾ ਕੰਮ ਇੱਕੋ ਕੰਟਰੈਕਟ ਅਧੀਨ ਮੈਸਰਜ: ਸ਼ਾਹਪੂਰਜੀ ਪਲੋਂਜੀ ਐਂਡ ਕੰਪਨੀ, ਮੁੰਬਈ ਨੂੰ ਜੂਨ, 2016 ਵਿੱਚ ਅਲਾਟ ਕੀਤਾ ਗਿਆ ਸੀ। ਇਹ ਕੰਮ 86.95 ਕਰੋੜ ਰੁਪਏ (ਪ੍ਰੋਜੈਕਟ ਕਾਸਟ 95.18 ਕਰੋੜ ਰੁਪਏ) ਦਾ ਅਲਾਟ ਕੀਤਾ ਗਿਆ ਸੀ। ਜਿਸ ਦੀ ਕੰਮ ਖਤਮ ਕਰਨ ਦੀ

ਮਿਤੀ 15.12.2017 ਸੀ। ਇਸ ਤੋਂ ਇਲਾਵਾ, ਇਸ ਕੰਮ ਅਧੀਨ ਕੋਟਕਪੂਰਾ ਸ਼ਹਿਰ ਦੀ ਵਾਟਰ ਸਪਲਾਈ ਅਤੇ ਸੀਵਰੇਜ ਦੀ 10 ਸਾਲ ਦੀ ਦੇਖ-ਰੇਖ ਵੀ ਏਜੰਸੀ ਵੱਲੋਂ ਕੀਤੀ ਜਾਣੀ ਹੈ।

**(ਅ)** ਸ਼ਹਿਰ ਕੋਟਕਪੂਰਾ ਵਿਖੇ ਸੀਵਰੇਜ, ਘਰਾਂ ਦੇ ਕੁਨੈਕਸ਼ਨ, ਐਸ.ਟੀ.ਪੀ, ਸੜਕਾਂ ਬਣਾਉਣਾ ਅਤੇ ਸਟ੍ਰੀਟ ਲਾਈਟਾਂ ਲਗਾਉਣ ਦਾ ਕੰਮ ਇੱਕੋ ਕੰਟਰੈਕਟ ਅਧੀਨ ਮੈਸਰਜ਼: ਸ਼ਾਹਪੂਰਜੀ ਪਲੋਂਜੀ ਐਂਡ ਕੰਪਨੀ ਮੁੰਬਈ ਨੂੰ ਜੂਨ, 2016 ਵਿੱਚ ਅਲਾਟ ਕੀਤਾ ਗਿਆ ਸੀ। ਹੁਣ ਤੱਕ ਇਸ ਕੰਮ ਦੀ ਪ੍ਰਗਤੀ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਸ਼ਹਿਰ | ਕੰਮ ਦਾ ਵੇਰਵਾ | ਸਕੋਪ | ਪ੍ਰਗਤੀ | ਬਾਕੀ ਕੰਮ |
|---|---|---|---|---|---|
| (i) | ਕੋਟਕਪੂਰਾ ਅਲਾਟਮੈਂਟ ਲਾਗਤ :86.95 ਕਰੋੜ ਰੁਪਏ (ਪ੍ਰੋਜੈਕਟ ਕਾਸਟ 95.18 ਕਰੋੜ ਰੁਪਏ) | ਪਾਣੀ ਦੀਆਂ ਲਾਈਨਾਂ(ਮੀਟਰ) | 9591 | 9297 | 294 |
| | | ਸੀਵਰ ਦੀਆਂ ਲਾਈਨਾਂ (ਮੀਟਰ) | 81639 | 38000 | 43639 |
| | | ਮੇਨ ਸੀਵਰ (ਮੀਟਰ) | 10690 | 3800 | 6890 |

ਇਹ ਕੰਮ 30.06.2020 ਤੱਕ ਮੁਕੰਮਲ ਹੋ ਜਾਣ ਦੀ ਉਮੀਦ ਹੈ।

---

## ਸਿਹਤ ਸੰਸਥਾਵਾਂ ਅਤੇ ਮੈਡੀਕਲ ਅਫ਼ਸਰਾਂ ਦੀਆਂ ਅਸਾਮੀਆਂ ਭਰਨਾ

**294. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿੱਚ ਕੁੱਲ ਕਿੰਨੀਆਂ ਸਿਹਤ ਸੰਸਥਾਵਾਂ ਕੰਮ ਕਰ ਰਹੀਆਂ ਹਨ;

(ਅ) ਸਪੈਸ਼ਲਿਸਟ/ ਮੈਡੀਕਲ ਅਫ਼ਸਰਾਂ ਦੀਆਂ ਕਿੰਨੀਆਂ ਅਸਾਮੀਆਂ ਮਨਜ਼ੂਰ ਅਤੇ ਕਿੰਨੀਆਂ ਖਾਲੀ ਹਨ;

(ੲ) ਖਾਲੀ ਅਸਾਮੀਆਂ ਦੀ ਭਰਤੀ ਸਰਕਾਰ ਕਦੋਂ ਤੱਕ ਕਰੇਗੀ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, (ੳ) ਇਸ ਸਮੇਂ ਪੰਜਾਬ ਵਿੱਚ ਕੁੱਲ 3865 ਸਿਹਤ ਸੰਸਥਾਵਾਂ ਕੰਮ ਕਰ ਰਹੀਆਂ ਹਨ।

(ਅ) ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਮੈਡੀਕਲ ਅਫ਼ਸਰ ਸਪੈਸ਼ੇਲਿਸਟ ਦੀਆਂ 1696 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 309 ਅਸਾਮੀਆਂ ਖਾਲੀ ਹਨ, ਇਸੇ ਤਰ੍ਹਾਂ ਮੈਡੀਕਲ ਅਫ਼ਸਰ (ਐਮ.ਬੀ.ਬੀ.ਐਸ.) ਦੀਆਂ 2340 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 175 ਅਸਾਮੀਆਂ ਖਾਲੀ ਹਨ।

(ੲ) ਮੈਡੀਕਲ ਅਫ਼ਸਰ (ਸਪੈਸ਼ੇਲਿਸਟ) ਦੀਆਂ ਖਾਲੀ ਪਈਆਂ ਅਸਾਮੀਆਂ ਵਾਕ-ਇਨ-ਇੰਟਰਵਿਊ ਰਾਹੀਂ ਭਰਨ ਸਬੰਧੀ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ 32ਵੀਂ ਵਾਕ-ਇਨ-ਇੰਟਰਵਿਊ ਜਲਦੀ ਹੀ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਮੈਡੀਕਲ ਅਫ਼ਸਰ (ਐਮ.ਬੀ.ਬੀ.ਐਸ.) ਦੀਆਂ 175 ਖਾਲੀ ਅਸਾਮੀਆਂ ਨੂੰ ਭਰਨ ਲਈ ਪ੍ਰਕਿਰਿਆ ਜਾਰੀ ਹੈ। ਸਰਕਾਰ ਵੱਲੋਂ ਸਿਹਤ ਸੰਸਥਾਵਾਂ ਵਿੱਚ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਉਪਰਾਲੇ ਲਗਾਤਾਰ ਜਾਰੀ ਹਨ।

---

## ਮਿੰਨੀ ਬੱਸਾਂ ਦੇ ਨਵੇਂ ਰੂਟ ਪਰਮਿਟ ਦੀ ਪਾਲਿਸੀ ਬਨਾਉਣਾ

295 **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਮਿੰਨੀ ਬੱਸਾਂ ਦੇ ਨਵੇਂ ਰੂਟ ਪਰਮਿਟ ਦੀ ਕੋਈ ਨਵੀਂ ਪਾਲਿਸੀ ਬਣਾਈ ਗਈ ਹੈ;

(ਅ) ਜ਼ਿਲ੍ਹਾ ਫ਼ਰੀਦਕੋਟ ਵਿੱਚ ਕਿੰਨੀਆਂ ਮਿੰਨੀ ਸਰਕਾਰੀ/ ਗੈਰ ਸਰਕਾਰੀ ਬੱਸਾਂ ਦੇ ਰੂਟ ਪਰਮਿਟ ਹਨ, ਦਾ ਵੇਰਵਾ ਦਿੱਤਾ ਜਾਵੇ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਹਾਂ ਜੀ। ਨਵੀਂ ਪੰਜਾਬ ਟਰਾਂਸਪੋਰਟ ਸਕੀਮ 2018 ਪ੍ਰਕਾਸ਼ਿਤ ਕਰਨ ਉਪਰੰਤ ਮਨਜ਼ੂਰ ਕੀਤੀ ਗਈ ਹੈ।

(ਅ) ਜ਼ਿਲ੍ਹਾ ਫ਼ਰੀਦਕੋਟ ਵਿੱਚ ਇਸ ਸਮੇਂ ਸਰਕਾਰੀ ਅਤੇ ਗੈਰ ਸਰਕਾਰੀ ਛੋਟੀਆਂ ਬੱਸਾਂ ਦੇ ਵੱਖ-ਵੱਖ ਰੂਟਾਂ ਤੇ 78 ਪਰਮਿਟ ਦਿੱਤੇ ਹੋਏ ਹਨ। ਇਨ੍ਹਾਂ ਰੂਟਾਂ ਦਾ ਵੇਰਵਾ ਅਨੁਲੱਗ "ੳ" ਤੇ ਹੈ।

### ਜ਼ਿਲ੍ਹਾ ਫ਼ਰੀਦਕੋਟ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਛੋਟੀਆਂ ਬੱਸਾਂ ਦੀ ਲਿਸਟ

| ਲੜੀ ਨੰ: | ਅਦਾਰੇ ਦਾ ਨਾਮ | ਛੋਟੀਆਂ ਬੱਸਾਂ ਦੀ ਗਿਣਤੀ |
|---|---|---|
| 1. | ਜ਼ਿਲ੍ਹਾ ਫ਼ਰੀਦਕੋਟ ਵਿੱਚ ਪ੍ਰਾਈਵੇਟ ਬੱਸਾਂ | 71 |
| 2. | ਪੀ.ਆਰ.ਟੀ.ਸੀ ਫ਼ਰੀਦਕੋਟ ਡਿਪੂ | 06 |
| 3. | ਪੰਜਾਬ ਰੋਡਵੇਜ਼ ਫ਼ਿਰੋਜ਼ਪੁਰ ਡਿਪੂ | 01 |
| | **ਕੁੱਲ** | **78** |

(੪੧)

ਦਫ਼ਤਰ ਸਕੱਤਰ ਰਿਜ਼ਨਲ [illegible] ਅਥਾਰਿਟੀ, ਫਰੀਦਕੋਟ।

ਸੇਵਾ ਵਿਖੇ

ਸਟੇਟ ਟਰਾਂਸਪੋਰਟ ਕਮਿਸ਼ਨਰ
ਪੰਜਾਬ, ਚੰਡੀਗੜ੍ਹ।

ਨੰ:ਆਰ.ਟੀ.ਏ/ਐਫ/ਸਪੈਸ਼ਲ [illegible]
ਮਿਤੀ: 03-08-2019

ਵਿਸ਼ਾ: ਵਿਧਾਨ ਸਭਾ ਪ੍ਰਸ਼ਨ ਨੰਬਰ 295 ਦਾ ਉੱਤਰ ਭੇਜਣ ਬਾਰੇ ਮਿੰਨੀ ਬੱਸਾਂ ਦੇ ਨਵੇਂ ਰੂਟ ਪਰਮਿਟ ਦੀ ਪਾਲਸੀ ਬਨਾਉਣਾ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਆਰ.ਟੀ.ਏ./ਐਫ/ਸਪੈਸ਼ਲ3 ਮਿਤੀ 03-08-2[illegible] ਦੀ ਨਿਰੰਤਰਤਾ ਵਿੱਚ।

2. [illegible] ਅੰਕਿਤ ਵਿਧਾਨ ਸਭਾ ਪ੍ਰਸ਼ਨ ਨੰਬਰ 295 ਦੇ ਭਾਗ (ਅ) ਸਬੰਧੀ ਉੱਤਰ ਹੇਠ ਲਿਖੇ ਅਨੁਸਾਰ [illegible]ਿਆ ਜਾਂਦਾ ਹੈ ਜੀ:-

| | | |
|---|---|---|
| ਪ੍ਰਾਈਵੇਟ ਮਿੰਨੀ ਬੱਸਾਂ ਦੇ ਪਰਮਿਟ | : | 71 |
| ਸਰਕਾਰੀ ਮਿੰਨੀ ਬੱਸਾਂ ਦੇ ਪਰਮਿਟ | : | 06 |
| ਕੁੱਲ ਪਰਮਿਟ | : | 77 |

ਉਪਰੋਕਤ 71 + 06 = 77 ਰੂਟ ਪਰਮਿਟਾਂ ਦੀ ਲਿਸਟ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਜੀ।

ਸਕੱਤਰ, 03/08/19
ਰਿਜ਼ਨਲ ਟਰਾਂਸਪੋਰਟ ਅਥਾਰਿਟੀ,
ਫਰੀਦਕੋਟ।

Scanned by CamScanner

ਅਨੁਲੱਗ-'ੳ'

## ਆਰ.ਟੀ.ਏ. ਫਰੀਦਕੋਟ

| ਲੜੀ ਨੰਬਰ | ਰੂਟ ਦਾ ਨਾਂ | ਪਰਮਿਟ ਨੰਬਰ |
|---|---|---|
| 1. | ਫਰੀਦਕੋਟ ਤੋਂ ਨੱਥੂਵਾਲਾ ਵਾਇਆ ਚਹਿਲ, ਭਾਣਾ, ਚਮੇਲੀ, ਕੋਟ ਸੁਖੀਆ, ਭਲੂਰ, ਨੱਥੇਵਾਲਾ। | 703/ਰੈਗੂ/02 |
| 2. | ਫਰੀਦਕੋਟ ਤੋਂ ਨੱਥੂਵਾਲਾ ਵਾਇਆ ਚਹਿਲ, ਭਾਣਾ, ਚਮੇਲੀ, ਕੋਟ ਸੁਖੀਆ, ਭਲੂਰ, ਨੱਥੇਵਾਲਾ | 708/ਰੈਗੂ/02 |
| 3. | ਕੋਟਕਪੁਰਾ ਤੋਂ ਬੱਗਿਆਣਾ ਵਾਇਆ ਪੰਜਗਰਾਂਈ, ਔਲਖ। | 755/ਰੈਗੂ/02 |
| 4. | ਕੋਟਕਪੂਰਾ-ਕਲੇਰ ਵਾਇਆ ਪੰਜਗਰਾਂਈ ਕਲਾ-ਔਲਖ- ਬੱਗਿਆਣਾ, ਕੋਟਸੁਖੀਆ, ਢੁੱਡੀ, | 766/ਰੈਗੂ/02 |
| 5. | ਜੈਤੋਂ ਤੋਂ ਸਰਾਏਨਾਗਾ ਵਾਇਆ ਡੇਲਿਆਂਵਾਲੀ,ਰੋੜੀ ਕਪੂਰਾ, ਕਾਸਮਭੱਟੀ, ਸੂਰਘੂਰੀ, ਮੜ੍ਹਾਕ, ਹਰੀਕੇ, ਕੋਠੇ ਹਰੀਕੇ। | 769/ਰੈਗੂ/02 |
| 6. | ਬਾਜਾ ਖਾਨਾ ਤੋਂ ਕੋਟਕਪੁਰਾ ਵਾਇਆ ਗੋਂਦਾਰਾ, ਬਰਗਾੜੀ, ਬੁਰਜ ਹਰੀਕਾ, ਸਿਵੀਆਂ, ਢਿੱਲਵਾਂ। | 779/ਰੈਗੂ/03 |
| 7. | ਕੋਟਕਪੂਰਾ ਤੋਂ ਭਗਤਾ ਵਾਇਆ ਢਿੱਲਵਾਂ ਕਲਾਂ, ਸਰਾਵਾਂ ਕਰਾਸਿੰਗ, ਸਰਾਂਵਾ, ਗੁਰੂਸਰ, ਬਹਿਬਲ, ਬਰਗਾੜੀ, ਗੋਂਦਾਰਾ, ਵਾਂਦਰ, ਸੁਖਾਨੰਦ, ਬੁਰਜ ਲੱਧਾ ਸਿੰਘਵਾਲਾ। | 871/ਰੈਗੂ/03 |
| 8. | ਕੋਟਕਪੂਰਾ ਤੋਂ ਮੱਲਣ ਵਾਇਆ ਹਰੀਨੌਂ, ਸੂਰਘੂਰੀ, ਮੜ੍ਹਾਕ, ਵਾੜਾ ਕਿਸ਼ਨਪੁਰਾ। | 893/ਰੈਗੂ/03 |
| 9. | ਫਰੀਦਕੋਟ ਤੋਂ ਚੁੱਘੇਵਾਲਾ ਵਾਇਆ ਪਿੱਪਲੀ, ਰਾਜੋਵਾਲਾ, ਗੋਲੇਵਾਲਾ, ਨੱਥੇਵਾਲਾ। | 946/ਰੈਗੂ/03 |
| 10. | ਫਰੀਦਕੋਟ ਤੋਂ ਨੱਥੇਵਾਲਾ ਵਾਇਆ ਧੂੜਕੋਟ, ਮੰਡਵਾਲਾ। | 973/ਰੈਗੂ/03 |
| 11. | ਫਰੀਦਕੋਟ ਤੋਂ ਸਾਦਿਕ ਵਾਇਆ ਮਚਾਕੀ , ਮਹਿਮੂਆਣਾ। | 978/ਰੈਗੂ/03 |
| 12. | ਫਰੀਦਕੋਟ ਸਤਿਸੰਗ ਡੇਰਾ ਬਿਆਸ ਮੁਕਤਸਰ ਰੋਡ ਸਾਦਿਕ ਵਾਇਆ ਮਚਾਕੀ, ਮਹਿਮੂਆਣਾ, ਢਾਬ ਸ਼ੇਰ ਸਿੰਘ ਵਾਲਾ। | 979/ਰੈਗੂ/03 |
| 13. | ਫਰੀਦਕੋਟ ਤੋਂ ਭੰਗੇਵਾਲਾ ਵਾਇਆ ਨਵਾਂ ਕਿਲਾ, ਸੁਖਣਵਾਲਾ, ਡੋਹਕ, ਸੀਰਵਾਲੀ। | 982/ਰੈਗੂ/03 |
| 14. | ਸਾਦਿਕ ਤੋਂ ਲੋਹਕੇ ਬਹਿਰਾਮ ਵਾਇਆ ਜਨੇਰੀਆਂ, ਸੰਗਰਾਹੂਰ, ਬੁੱਟਰ, ਕਿੱਲੀ, ਥੇਹ ਗੁੱਜਰ, ਸ਼ਾਮਸਿੰਘ ਵਾਲਾ, ਪੁਲ, ਝੋਕ ਮੋਹੜੇ, ਸ਼ਰੀਂਹਵਾਲਾ। | 987/ਰੈਗੂ/03 |
| 15. | ਜੈਤੋ ਸਰਾਏਨਾਗਾ ਵਾਇਆ ਰੋੜੀਕਪੂਰਾ, ਕਾਸਮਭੱਟੀ, ਸੂਰਘੂਰੀ, ਮੜ੍ਹਾਕ, ਹਰੀਕੇ। | 988/ਰੈਗੂ/03 |
| 16. | ਫਰੀਦਕੋਟ ਤੋਂ ਕਾਨਿਆਂਵਾਲੀ ਵਾਇਆ ਨਵਾਂ ਕਿਲਾ, ਸੁਖਣਵਾਲਾ। | 1001/ਰੈਗੂ/03 |
| 17. | ਫਰੀਦਕੋਟ ਤੋਂ ਭੰਗੇਵਾਲਾ ਵਾਇਆ ਕੰਮਿਆਣਾ ਗੇਟ, ਕਿਲਾ ਸੁੱਖਣਵਾਲਾ, ਡੋਹਰ, ਸੀਰੇਵਾਲਾ। | 1027/ਰੈਗੂ/03 |
| 18. | ਕੋਟਕਪੂਰਾ ਤੋਂ ਮੜ੍ਹਾਕ ਵਾਇਆ ਹਰੀਨੌਂ, ਕਾਸਮਭੱਟੀ, ਸੂਰਘੂਰੀ। | 1029/ਰੈਗੂ/03 |
| 19. | ਮਾੜੀ ਮੁਸਤਫ਼ਾ ਤੋਂ ਜੈਤੋਂ ਵਾਇਆ ਨਵਾਂ ਮੋੜ ਅੱਡਾ। | 1059/ਰੈਗੂ/03 |
| 20. | ਬੁੱਟਰ ਤੋਂ ਬਾਘਾਪੁਰਾਣਾ ਵਾਇਆ ਰਾਮਪੁਰਾ, ਚੜਿੱਕ ਮਦੀਰ। | 1073/ਰੈਗੂ/03 |
| 21. | ਜੈਤੋਂ ਤੋਂ ਭਗਤਾ ਵਾਇਆ ਸੱਦਾਸਿੰਘਵਾਲਾ,ਬਾਜਾ, ਡੋਡ, ਮਲੂਕਾ। | 1091/ਰੈਗੂ/03 |
| 22. | ਜੈਤੋਂ ਤੋਂ ਭਲਾਈਆਣਾ ਵਾਇਆ ਬਿਸ਼ਨੰਦੀ, ਬਰਕੰਦੀ। | 1093/ਰੈਗੂ/03 |
| 23. | ਜੈਤੋਂ ਤੋਂ ਨਹੀਆਂਵਾਲਾ ਵਾਇਆ ਬਿਸ਼ਨੰਦੀ, ਬਰਕੰਦੀ। | 1094/ਰੈਗੂ/03 |
| 24. | ਨੱਥੂਵਾਲਾ ਤੋਂ ਕੋਟਕਪੂਰਾ ਵਾਇਆ ਨੱਥੇਵਾਲਾ, ਭਲੂਰ, ਕੋਟਸੁਖੀਆ। | 1095/ਰੈਗੂ/03 |
| 25. | ਕੋਟਕਪੁਰਾ ਤੋਂ ਮੱਲਣ ਵਾਇਆ ਹਰੀਨੌਂ, ਸੂਰਘੂਰੀ, ਮੜ੍ਹਾਕ, ਵਾੜਾ ਕਿਸ਼ਨਪੁਰਾ। | 1113/ਰੈਗੂ/03 |
| 26. | ਫਰੀਦਕੋਟ ਤੋਂ ਨੱਥੂਵਾਲਾ ਵਾਇਆ ਟਹਿਣਾ, ਢੁੱਡੀ, ਕੋਟਸੁਖੀਆ। | 1160/ਰੈਗੂ/03 |
| 27. | ਕੋਟਕਪੂਰਾ ਤੋਂ ਮੱਲਣ ਵਾਇਆ ਹਰੀਨੌਂ, ਸੂਰੀਘੂਰੀ, ਮੜ੍ਹਾਕ, ਵਾੜਾ ਕਿਸ਼ਨਪੁਰਾ। | 1162/ਰੈਗੂ/03 |
| 28. | ਜੈਤੋਂ ਤੋਂ ਨਹੀਆਂਵਾਲਾ ਵਾਇਆ ਬਿਸ਼ਨੰਦੀ, ਗੰਗਾ, ਦਾਨਸਿੰਘਵਾਲਾ, ਬਲਾਹੜ੍ਹ। | 1186/ਰੈਗੂ/03 |
| 29. | ਜੈਤੋਂ ਤੋਂ ਭਗਤਾ ਵਾਇਆ ਸੱਦਾ ਸਿੰਘਵਾਲਾ,ਬਾਜਾਖਾਨਾ, ਡੋਡ, ਮਲੂਕਾ। | 1194/ਰੈਗੂ/03 |
| 30. | ਜੈਤੋਂ ਤੋਂ ਭਲਾਈਆਣਾ ਵਾਇਆ ਬਰਕੰਦੀ, ਬਿਸ਼ਨੰਦੀ, ਗੰਗਾ, ਕੋਠੇ ਕੋਟਲੀ ਅਬਲੂ। | 1211/ਰੈਗੂ/03 |
| 31. | ਬਾਜਾਖਾਨਾ ਤੋਂ ਬਾਘਾਪੁਰਾਣਾ ਵਾਇਆ ਲੰਬਵਾਲੀ, ਸ਼ੇਖਾ, ਸਮਾਲਸਰ। | 1229/ਰੈਗੂ/03 |
| 32. | ਜੈਤੋਂ ਤੋਂ ਕੋਟਕਪੂਰਾ ਵਾਇਆ ਨਿਆਮੀਵਾਲਾ, ਬਹਿਬਲ ਖੁਰਦ, ਗੁਰੂਸਰ, ਸਰਾਵਾਂ, ਢਿਲਵਾਂ। | 1231/ਰੈਗੂ/03 |
| 33. | ਕੋਟਕਪੂਰਾ ਤੋਂ ਬਰਗਾੜੀ ਵਾਇਆ ਪੰਜ ਗਰਾਂਈ ਕਲਾਂ, ਹੱਦ, ਪੰਜ ਗਰਾਂਈ ਖੁਰਦ। | 1/ਰੈਗੂ/04 |
| 34. | ਜੈਤੋਂ ਤੋਂ ਬਲਾਹੜ ਬਿੰਝੂ ਵਾਇਆ ਕੋਠੇ ਸੰਤਾ ਸਿੰਘ, ਓਕੰਦ ਵਾਲਾ, ਫਤਿਹਗੜ੍ਹ , ਚੀਦਾ, ਹਰੀਪੁਰ, ਗੋਨਿਆਣਾ ਕਲਾਂ, ਗੋਨਿਆਣਾ ਖੁਰਦ। | 02/ਰੈਗੂ/04 |
| 35. | ਫਰੀਦਕੋਟ ਤੋਂ ਭੰਗੇਵਾਲਾ ਵਾਇਆ ਕੰਮਿਆਣਾ ਗੇਟ, ਕਿਲਾ ਨੌਂ, ਸੁੱਖਣਵਾਲਾ, ਡੋਹਕ, ਸੀਰਵਾਲੀ। | 03/ਰੈਗੂ/03 |
| 36. | ਫਰੀਦਕੋਟ ਤੋਂ ਲੁਬਾਣਿਆਂ ਵਾਲੀ ਵਾਇਆ ਕੰਮਿਆਣਾ, ਰੱਤੀ ਰੋੜੀ। | 04/ਰੈਗੂ/04 |
| 37. | ਜੈਤੋਂ ਤੋਂ ਭਗਤਾ ਵਾਇਆ ਸੱਦਾ ਸਿੰਘ ਵਾਲਾ , ਬਾਜਾ ਖਾਨਾ, ਡੋਡ, ਮਲੂਕਾ। | 05/ਰੈਗੂ/04 |
| 38. | ਜੈਤੋਂ ਤੋਂ ਭਲਾਈਆਣਾ ਵਾਇਆ ਬਿਸ਼ਨੰਦੀ, ਬਰਕੰਦੀ,। | 06/ਰੈਗੂ/04 |
| 39. | ਫਰੀਕੋਟ ਤੋਂ ਭਾਂਗਰ ਵਾਇਆ ਪਿੱਪਲੀ, ਪੱਖੀ ਕਲਾਂ, ਹਰਦਿਆਲੇਆਣਾ। | 07/ਰੈਗੂ/04 |
| 40. | ਜੈਤੋਂ ਤੋਂ ਸਰਾਏ ਨਾਗਾ ਵਾਇਆ ਰੋੜੀ ਕਪੂਰਾ, ਕਾਸਮਭੱਟੀ, ਸੂਰਘੂਰੀ, ਹਰੀਕੇ ਕਲਾਂ। | 08/ਰੈਗੂ/04 |
| 41. | ਜੈਤੋਂ ਤੋਂ ਨਹੀਆਂਵਾਲਾ ਵਾਇਆ ਬਿਸ਼ਨੰਦੀ, ਗੰਗਾ, ਦਾਨਸਿੰਘ ਵਾਲਾ,ਬਲਾਹੜ੍ਹ। | 10/ਰੈਗੂ/04 |
| 42. | ਬਰਗਾੜੀ ਤੋਂ ਬਾਘਾਪੁਰਾਣਾ ਵਾਇਆ ਸਾਹੋਕੇ, ਮੱਲਕੇ, ਸਮਾਲਸਰ, ਰਾਜੇਆਣਾ। | 11/ਰੈਗੂ/04 |
| 43. | ਬਾਜਾਖਾਨਾ ਤੋਂ ਕੋਟਕਪੁਰਾ ਵਾਇਆ ਝੱਖੜਵਾਲਾ, ਰਾਮਸਿੰਘ ਵਾਲਾ, ਬਹਿਬਲ ਖੁਰਦ, ਗੁਰੂ ਸਰ, ਸਰਾਵਾਂ, ਢਿਲਵਾਂ। | 12/ਰੈਗੂ/04 |
| 44. | ਫਰੀਦਕੋਟ ਤੋਂ ਭੰਗੇਵਾਲਾ ਵਾਇਆ ਕੰਮੇਆਣਾ ਗੇਟ, ਕਿਲਾ ਨੌਂ, ਸੁੱਖਣਵਾਲਾ, ਡੋਹਕ, ਸੀਰਵਾਲੀ। | 13/ਰੈਗੂ/04 |

| | | |
|---|---|---|
| 45. | ਫਰੀਦਕੋਟ ਤੋਂ ਨੱਥੂਵਾਲਾ ਵਾਇਆ ਟਹਿਣਾ, ਕਲੇਰ, ਢੁੱਡੀ, ਕੋਟਸੁਖੀਆ, ਭਲੂਰ, ਨੱਥੇਵਾਲਾ, ਨੱਥੂਵਾਲਾ। | 15/ਰੈਗੂ/04 |
| 46. | ਮੁੱਦਕੀ ਤੋਂ ਕੋਟਕਪੂਰਾ ਵਾਇਆ ਗਿੱਲ, ਧੂੜਕੋਟ, ਕੋਟ ਸੁਖੀਆ, ਸਿਰਸੜੀ, ਦੇਵੀਵਾਲਾ। | 18/ਰੈਗੂ/04 |
| 47. | ਬਾਜਾਖਾਨਾ ਤੋਂ ਨਥਾਣਾ ਵਾਇਆ ਮੱਲਾ, ਘਣੀਆ, ਮਲੂਕਾ, ਨਿਓਰ, ਗਿੱਦੜ, ਗੰਗਾ। | 19/ਰੈਗੂ/04 |
| 48. | ਜੈਤੋਂ ਤੋਂ ਆਸਾ ਬੁੱਟਰ ਵਾਇਆ ਡੇਲਿਆਂਵਾਲੀ, ਰੋੜੀ ਕਪੂਰਾ, ਖੱਚਰਾਂ, ਵਾੜਾ ਕਿਸ਼ਨਪੁਰਾ, ਸੂਰੇਵਾਲਾ। | 20/ਰੈਗੂ/04 |
| 49. | ਜੈਤੋਂ ਤੋਂ ਧੂੜਕੋਟ ਵਾਇਆ ਮੱਲਣ, ਰਾਮੇਆਣਾ, ਰੋੜੀ ਕਪੂਰਾ। | 21/ਰੈਗੂ/04 |
| 50. | ਸਾਦਿਕ ਤੋਂ ਗੁਰੂ ਹਰ ਸਹਾਏ ਵਾਇਆ ਦੀਪਸਿੰਘਵਾਲਾ। | 22/ਰੈਗੂ/04 |
| 51. | ਬਰਗਾੜੀ ਤੋਂ ਭਗਤਾ ਵਾਇਆ ਬੁਰਜ ਜਵਾਹਰ ਸਿੰਘ ਵਾਲਾ, ਬੰਬੀਹਾ, ਵਾਂਦਰ, ਸੁਖਾਨੰਦ। | 23/ਰੈਗੂ/04 |
| 52. | ਜੈਤੋਂ ਤੋਂ ਸਰਾਏਨਾਗਾ ਵਾਇਆ ਰੋੜੀ ਕਪੂਰਾ, ਖੱਚਰ, ਵਾੜਾ ਕਿਸ਼ਨਪੁਰਾ, ਸੂਰੇਵਾਲਾ, ਹਰੀਕੇ ਕਲਾਂ। | 24/ਰੈਗੂ/04 |
| 53. | ਜੈਤੋਂ ਤੋਂ ਭਲਾਈਆਣਾ ਵਾਇਆ ਕਰੀਰਵਾਲੀ, ਕੋਠੇ ਕੋਟਲੀ, ਅਬਲੂ। | 25/ਰੈਗੂ/04 |
| 54. | ਕੋਟਕਪੂਰਾ ਤੋਂ ਭਗਤਾ ਭਾਈ ਕਾ ਵਾਇਆ ਮੱਲਕਾ ਸ਼ੇਖਾ, ਠੱਠੀ ਭਾਈ, ਜੀਦਾ, ਸੁਖਾਨੰਦ। | 26/ਰੈਗੂ/04 |
| 55. | ਕੋਟਕਪੂਰਾ ਤੋਂ ਭਗਤਾ ਭਾਈ ਕਾ ਵਾਇਆ ਮੱਲਕਾ, ਸ਼ੇਖਾ, ਠੱਠੀ ਭਾਈ ਜੀਦਾ, ਸੁਖਾਨੰਦ। | 27/ਰੈਗੂ/04 |
| 56. | ਭਲੂਰ ਤੋਂ ਕੋਟਕਪੂਰਾ ਵਾਇਆ ਜਿਓਣਵਾਲਾ, ਔਲਖ, ਪੰਜ ਗਰਾਂਈ ਕਲਾਂ। | 28/ਰੈਗੂ/04 |
| 57. | ਵਾਦਰ ਤੋਂ ਕੋਟਕਪੂਰਾ ਵਾਇਆ ਗੋਂਦਾਰਾ, ਬਰਗਾੜੀ, ਬੁਰਜ ਹਰੀਕਾ, ਸਿਵੀਆਂ। | 29/ਰੈਗੂ/04 |
| 58. | ਕੋਟਕਪੂਰਾ ਤੋਂ ਮੜ੍ਹਾਕ ਵਾਇਆ ਕੋਹਰਸਿੰਘਵਾਲਾ, ਹਰੀਨੋ, ਕਾਸਮਭੱਟੀ, ਸੂਰਘੂਰੀ। | 30/ਰੈਗੂ/04 |
| 59. | ਵਾਦਰ – ਡੋਡ ਕੋਟਕਪੂਰਾ ਵਾਇਆ ਬੰਬੀਹਾ, ਮੱਲਕੇ। | 31/ਰੈਗੂ/04 |
| 60. | ਠੱਠੀ ਭਾਈ ਤੋਂ ਕੋਟਕਪੂਰਾ ਵਾਇਆ ਸੇਖਾ ਖੁਰਦ, ਸੇਖਾ ਕਲਾਂ। | 32/ਰੈਗੂ/04 |
| 61. | ਫਰੀਦਕੋਟ ਤੋਂ ਲੁਬਾਣਿਆਂਵਾਲੀ ਵਾਇਆ ਕਮਿਆਣਾ, ਰੱਤੀ ਰੋੜੀ। | 33/ਰੈਗੂ/05 |
| 62. | ਫਰੀਦਕੋਟ ਤੋਂ ਭੰਗੇਵਾਲਾ ਵਾਇਆ ਕੰਮਿਆਣਾ ਗੇਟ, ਕਿਲਾ ਨੌ, ਸੁਖਣਵਾਲਾ, ਡੋਹਕ, ਸੀਰਵਾਲੀ। | 34/ਰੈਗੂ/05 |
| 63. | ਠੱਠੀਭਾਈ ਤੋਂ ਕੋਟਕਪੂਰਾ ਵਾਇਆ ਢਿੱਲਵਾਂ। | 35/ਰੈਗੂ/05 |
| 64. | ਜੈਤੋਂ ਤੋਂ ਸਰਾਏਨਾਗਾ ਵਾਇਆ ਰੋੜੀ ਕਪੂਰਾ, ਕਾਸਮਭੱਟੀ, ਸੂਰਘੂਰੀ, ਹਰੀਕੇ ਕਲਾਂ। | 36/ਰੈਗੂ/05 |
| 65. | ਨੱਥੂਵਾਲਾ ਤੋਂ ਕੋਟਕਪੂਰਾ ਵਾਇਆ ਭਲੂਰ, ਕੋਟ ਸੁਖੀਆ, ਸਿਰਸੜੀ,ਦੇਵੀਵਾਲਾ। | 37/ਰੈਗੂ/05 |
| 66. | ਕੋਟਕਪੂਰਾ ਤੋਂ ਭਲੂਰ ਵਾਇਆ ਪੰਜ ਗਰਾਂਈ ਕਲਾਂ, ਹੱਦ ਜਿਓਣਵਾਲਾ। | 38/ਰੈਗੂ/05 |
| 67. | ਜੈਤੋਂ ਤੋਂ ਸਰਾਏਨਾਗਾ ਵਾਇਆ ਰੋੜੀ ਕਪੂਰਾ, ਕਾਸਮਭੱਟੀ, ਮੜ੍ਹਾਕ, ਹਰੀਕੇ। | 39/ਰੈਗੂ/05 |
| 68. | ਫਰੀਦਕੋਟ ਤੋਂ ਭੰਗੇਵਾਲਾ ਵਾਇਆ ਨਵਾਂ ਕਲਾ, ਸੁਖਣਵਾਲਾ, ਡੋਹਕ, ਸੀਰਵਾਲੀ। | 40/ਰੈਗੂ/05 |
| 69. | ਕੋਟਕਪੂਰਾ ਤੋਂ ਮੁਦਕੀ ਵਾਇਆ ਦੇਵੀਵਾਲਾ, ਸਿਰਸੜੀ, ਕੋਟ ਸੁਖੀਆ, ਧੂੜਕੋਟ, ਗਿੱਲ। | 41/ਰੈਗੂ/06 |
| 70. | ਜੈਤੋਂ ਤੋਂ ਭਲਾਈਆਣਾ ਵਾਇਆ ਚੈਨਾ, ਕਰੀਰਵਾਲੀ, ਅਬਲੂ ਕੋਟਲੀ। | 42/ਰੈਗੂ/06 |
| 71. | ਕੋਟਕਪੂਰਾ ਤੋਂ ਮੁਦਕੀ ਵਾਇਆ ਦੇਵੀਵਾਲਾ, ਸਿਰਸੜੀ, ਕੋਟਸੁਖੀਆ, ਧੂੜਕੋਟ, ਗਿੱਲ। | 43/ਰੈਗੂ/06 |
| 72. | ਪੰਜਗਰਾਂਈ ਤੋਂ ਜੈਤੋਂ ਵਾਇਆ ਬੁਰਜ ਹਰੀਕਾ, ਬਰਗਾੜੀ। ਰਣਸਿੰਘਵਾਲਾ, ਬਹਿਬਲ ਖੁਰਦ, ਕੋਠੇ ਮਹਿਲਾ ਸਿੰਘ। | 1/MB/R/RTA/ BTI/16 |
| 73. | ਫਰੀਦਕੋਟ ਤੋਂ ਸਾਦਿਕ ਵਾਇਆ ਪਿੱਪਲੀ, ਅਰਾਂਈਆਵਾਲਾ, ਬੁਰਜ ਮਸਤਾ, ਘੁਗਿਆਣਾ, ਸਿਮਰੇਵਾਲਾ, ਡੋਡ। | 2/MB/R/RTA/ BTI/16 |
| 74. | ਫਰੀਦਕੋਟ ਤੋਂ ਗੁਰੂਹਰਸਹਾਏ ਵਾਇਆ ਮਚਾਕੀ, ਸਾਦਿਕ, ਜੰਡਸਿੰਘਵਾਲਾ, ਕਾਨਿਆਂਵਾਲੀ। | 3/MB/R/RTA/ BTI/16 |
| 75. | ਢੈਪਈ ਤੋਂ ਜੈਤੋ ਵਾਇਆ ਮੱਤਾ, ਡੇਲਿਆਂਵਾਲੀ। | 4/MB/R/RTA/ BTI/16 |
| 76. | ਫਰੀਦਕੋਟ ਤੋਂ ਕੋਟਕਪੂਰਾ ਵਾਇਆ ਚਹਿਲ, ਭਾਣਾ,ਕੋਟ ਸੁਖੀਆ, ਸਿਰਸੜੀ, ਨੱਥੇਵਾਲਾ, ਸਿੱਖਾਂਵਾਲਾ। | 5/MB/R/RTA/ BTI/16 |
| 77. | ਫਰੀਦਕੋਟ ਤੋਂ ਸਰਾਏਨਾਗਾ ਵਾਇਆ ਕੰਮਿਆਣਾ, ਰੱਤੀ ਰੋੜੀ, ਦਾਨਾ ਰੋਮਾਣਾ, ਡੱਗੋ ਰੋਮਾਣਾ, ਫਿੱਡੇਕਲਾਂ, ਮਰਾੜ, ਬਰੀਵਾਲਾ। | 6/MB/R/RTA/ BTI/16 |
| 78 | ਫਿਰੋਜਪੁਰ ਤੋਂ ਫਰੀਦਕੋਟ ਵਾਇਆ ਮਿਸਰੀ ਵਾਲਾ ਕੈਲਾਸ ਚੰਦੜ | 2/ PRF/16 |

(9ਮ)

::ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਫਰੀਦਕੋਟ ਡਿਪੂ::

[illegible]

| [illegible] | [illegible] | [illegible] | [illegible] |
|---|---|---|---|
| ਪੰਜਗਰਾਂਈ ਤੋਂ ਸਿਰੇ ਵਾਂ: ਬੁਰਜ ਜਵਾਹਰ,ਬਰਗਾੜੀ,ਰਣ ਸਿੰਘ ਵਾਲਾ,ਸਾਹਿਬਲ ਖੁਰਦ,ਕੋਠੇ ਮਹਿਲਾਂ ਸਿੰਘ | 2 | 1/MB/R/RTA/BTI/16 | |
| ਫਰੀਦਕੋਟ ਤੋਂ ਸਾਦਿਕ ਵਾਂ: ਪਿਪਲੀ ,ਅਰਾਈਆਂ ਵਾਲਾ, ਬੁਰਜ ਮਸਤਾ,ਘੁਗੀਆਣਾ,ਸਿੰਮੇ ਵਾਲਾ,ਛੋਤ | 2 | 2/MB/R/RTA/BTI/16 | |
| ਫਰੀਦਕੋਟ ਤੋਂ ਗੁਰੂਹਰਸਹਾਏ ਵਾਂ: ਮਚਾਕੀ ,ਸਾਦਿਕ, ਜੰਡ ਸਿੰਘ ਵਾਲਾ,ਕਾਲਿਆਂ ਵਾਲੀ | 2 | 3/MB/R/RTA/BTI/16 | |
| ਫਰੀਦਕੋਟ ਤੋਂ ਜੈਤੋ ਵਾਂ: ਮੱਤਾ ,ਡੋਲਿਆਂ ਵਾਲੀ | 4 | 4/MB/R/RTA/BTI/16 | |
| ਫਰੀਦਕੋਟ ਤੋਂ ਕੋਟਕਪੂਰਾ ਵਾਂ: ਚਹਿਲ ,ਭਾਣਾ,ਕੋਟ ਸੁਖੀਆ ,ਸਿਰਸੜੀ,ਨੱਥੇ ਵਾਲਾ, ਸਿੱਖਾਂ ਵਾਲਾ | 2 | 5/MB/R/RTA/BTI/16 | |
| ਫਰੀਦਕੋਟ ਤੋਂ ਸਹਾਏਨਾਗਾ ਵਾਂ:ਕਮਿਆਣਾ,ਢੁੱਡੀ ਰੱਤੀ,ਵਾੜਾ ਰੋਮਾਣਾ,ਰੱਤੀ ਰੋਮਾਣਾ ,ਫਿੱਡੇ ਕਲਾਂ,ਮਰਾੜ ,ਘਣੀ ਵਾਲਾ | 2 | 6/MB/R/RTA/BTI/16 | |

ਜਨਰਲ ਮੈਨੇਜਰ
ਪੀ ਆਰ ਟੀ ਸੀ
ਫਰੀਦਕੋਟ।

...MIcgxwDqTxBkvHKTPWjgVwTJLIcQZ?projector=1&messagePartId=0.1

Scanned by CamScanner

IMG-20190803-WA0006.jpg

(95)

ਤਰ ਜਨਰਲ ਮੈਨੇਜਰ ਪੰਜਾਬ ਰੋਡਵੇਜ ਫਿਰੋਜਪੁਰ ।

ਵਾ ਵਿਖੇ,

ਡਾਇਰੈਕਟਰ,
ਸਟੇਟ ਟਰਾਂਸਪੋਰਟ, ਪੰਜਾਬ,
ਚੰਡੀਗੜ੍ਹ ।

ਨੰਬਰ ਸਅੰਅ-I /ਟੀਟੀਆਈ ਮਿਤੀ 3/8/2019

ਵਿਸ਼ਾ:- ਮਿੰਨੀ ਬੱਸਾਂ ਦੇ ਨਵੇਂ ਰੂਟ ਪਰਮਿਟ ਦੀ ਪਾਲਿਸੀ ਬਣਾਉਣਾ । (ਪ੍ਰਸ਼ਨ:-ਅ-ਜਿਲ੍ਹਾ ਫਰੀਦਕੋਟ ਵਿੱਚ ਕਿੰਨੀਆਂ ਮਿੰਨੀ ਸਰਕਾਰੀ/ਗੈਰ ਸਰਕਾਰੀ ਬੱਸਾਂ ਦੇ ਰੂਟ ਪਰਮਿਟ ਹਨ ਦਾ ਵੇਰਵਾ ਦਿੱਤਾ ਜਾਵੇ) । (ਪ੍ਰਸ਼ਨ ਨੰਬਰ-295 ਦਾ ਉੱਤਰ ਭੇਜਣ ਸਬੰਧੀ)

ਉਪਰੋਕਤ ਵਿਸ਼ੇ ਤੇ ਆਪ ਜੀ ਦੇ ਪੱਤਰ ਨੰਬਰ:ਸੀਆਈਆਰ/ਸਪੈਸ਼ਲ-1 ਮਿਤੀ 03-08-2019 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਤੇ ਸਬੰਧ ਵਿੱਚ ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ. ਜੀ ਵੱਲੋਂ ਪੁੱਛੇ ਗਏ ਸਵਾਲਾਂ ਦੇ ਸਬੰਧ ਵਿੱਚ ਜਵਾਬ ਹੇਠ ਲਿਖੇ ਅਨੁਸਾਰ ਹੈ ਜੀ।

| ਲੜੀ ਨੰ: | ਪ੍ਰਸ਼ਨ | ਜਵਾਬ |
|---|---|---|
| 1. | ਕੀ ਮਿੰਨੀ ਬੱਸਾਂ ਦੇ ਨਵੇਂ ਰੂਟ ਪਰਮਿਟ ਦੀ ਕੋਈ ਨਵੀਂ ਪਾਲਿਸੀ ਬਣਾਈ ਗਈ ਹੈ । | - |
| 2. | ਜਿਲ੍ਹਾ ਫਰੀਦਕੋਟ ਵਿੱਚ ਕਿੰਨੀਆ ਮਿੰਨੀ ਸਰਕਾਰੀ/ਗੈਰ ਸਰਕਾਰੀ ਬੱਸਾਂ ਦੇ ਰੂਟ ਪਰਮਿਟ ਹਨ ਦਾ ਵੇਰਵਾ ਦਿੱਤਾ ਜਾਵੇ? | ਇਸ ਡਿਪੂ ਪਾਸ ਇੱਕ ਮਿੰਡੀ ਬੱਸ ਦਾ ਰੂਟ ਪਰਮਿਟ ਫਿਰੋਜਪੁਰ ਤੋਂ ਫਰੀਦਕੋਟ ਵਾਇਆ ਮਿਸ਼ਰੀ ਵਾਲਾ ਕੈਲਾਸ਼ ਚੰਦਰ ਜਿਸ ਦਾ ਪਰਮਿਟ ਨੰਬਰ-2/ਪੀਆਰਐਫ/16 ਜੋ ਕਿ ਮਿਤੀ 04-12-2021 ਤੱਕ ਵੈਲਿਡ ਹੈ । ਇਹ ਇੱਕ ਪਰਮਿਟ ਅਤੇ ਦੋ ਵਾਪਸੀ ਫੇਰੇ ਹਨ । |

ਜਨਰਲ ਮੈਨੇਜਰ,
ਪੰਜਾਬ ਰੋਡਵੇਜ਼ ਫਿਰੋਜ਼ਪੁਰ ।

---

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 300***

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

---

**ਰਾਮਾ ਮੰਡੀ ਅਤੇ ਤਲਵੰਡੀ ਸਾਬੋ ਨੂੰ ਦਿੱਤੀਆਂ ਗਈਆਂ ਗ੍ਰਾਂਟਾਂ ਦਾ ਵੇਰਵਾ**

* For Unstarred Question No. 300 and reply thereto please see_______.

301. **ਪ੍ਰੋਫੈਸਰ ਬਲਜਿੰਦਰ ਕੌਰ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਉਂਸੀਪਲ ਕਮੇਟੀ ਰਾਮਾਂ ਮੰਡੀ ਅਤੇ ਤਲਵੰਡੀ ਸਾਬੋ ਨੂੰ ਅਪ੍ਰੈਲ, 2009 ਤੋਂ ਅਪ੍ਰੈਲ, 2019 ਤੱਕ ਦਿੱਤੀ ਗਈਆਂ ਦੇ ਵੇਰਵੇ ਕੀ ਹਨ ਅਤੇ ਉਹ ਗ੍ਰਾਂਟਾਂ ਕਿਸ ਕਿਸ ਕੰਮ ਤੇ ਇਸਤੇਮਾਲ ਕੀਤੀਆਂ ਗਈਆਂ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** ਮਿਉਂਸਪਲ ਕਮੇਟੀ, ਰਾਮਾ ਮੰਡੀ ਅਤੇ ਤਲਵੰਡੀ ਸਾਬੋ ਨੂੰ ਅਪ੍ਰੈਲ, 2009 ਤੋਂ ਅਪ੍ਰੈਲ, 2019 ਦੌਰਾਨ ਵੱਖ-ਵੱਖ ਮੱਦਾਂ ਅਧੀਨ ਕ੍ਰਮਵਾਰ ਕੁੱਲ 1402.58 ਲੱਖ ਰੁਪਏ ਅਤੇ 1210.43 ਲੱਖ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਗਈ ਹੈ, ਜਿਸ ਦਾ ਵੇਰਵਾ ਅਨੁਲਗ- 'ੳ' ਤੇ 'ਅ' ਅਨੁਸਾਰ ਹੈ।

**ਅਨੁਲੱਗ-'ੳ'**

**ਰਾਮਾ ਮੰਡੀ ਨੂੰ ਦਿੱਤੀਆਂ ਗਰਾਂਟਾਂ ਦਾ ਵੇਰਵਾ (ਅਪ੍ਰੈਲ, 2009 ਤੋਂ ਅਪ੍ਰੈਲ, 2019 ਤੱਕ)**

| ਲੜੀ ਨੰ: | ਸਕੀਮ/ਪ੍ਰੋਜੈਕਟ ਦਾ ਨਾਂ | **2009-10** | **2010-11** | **2011-12** | **2012-13** | **2013-14** | **2014-15** | **2015-16** | **2016-17** | **2017-18** | **2018-19** | ਕੁੱਲ ਜੋੜ | ਖਰਚ ਮੰਤਵ |
|---|---|---|---|---|---|---|---|---|---|---|---|---|---|
| 1 | ਐਮ.ਪੀ. ਲੈਂਡ | - | 21.75 | 2.40 | 5.50 | 14.50 | 1.00 | 10.95 | - | 1.44 | - | 57.54 | ਧਰਮਸ਼ਾਲਾ ਦੀ ਉਸਾਰੀ ਲਈ |
| 2 | ਯੂ:ਡੀ.-11 | 4.24 | - | - | - | - | - | - | - | - | - | 4.24 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 3 | ਬੰਧਨ ਮੁਕਤ | - | - | - | - | 67.21 | - | - | - | - | - | 67.21 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 4 | ਪੀ.ਐਮ.ਆਈ.ਡੀ.ਸੀ. | - | - | - | 75.00 | 354.60 | 359.36 | - | - | - | - | 788.96 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 5 | ਵਿਕਾਸ ਕਾਰਜ | - | - | - | - | - | 25.00 | - | - | - | - | 25.00 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 6 | ਡਿਪਟੀ ਕਮਿਸਨਰ ਗਰਾਂਟ | - | - | - | - | - | 90.00 | - | - | - | - | 90.00 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 7 | ਸਵੱਛ ਭਾਰਤ ਮਿਸ਼ਨ | - | - | - | - | - | - | - | 5.80 | 11.62 | 24.53 | 41.95 | ਆਈ.ਐਚ.ਐਲ., ਰਿਕਸ਼ਾ ਰੇਹੜੀ ਖਰੀਦ ਲਈ, ਪਬਲਿਕ ਟੁਆਲਿਟ, ਪਿੱਟਸ,ਐਮ.ਐਰ.ਐਫ., ਆਈ.ਈ.ਸੀ. ਅਵੇਅਰਨੈਂਸ |
| 8 | ਪ੍ਰਧਾਨ ਮੰਤਰੀ ਅਵਾਸ ਯੋਜਨਾ | - | - | - | - | - | - | - | - | | 26.40 | 26.40 | ਘਰ ਘਰ ਮਕਾਨ ਸਕੀਮ ਤਹਿਤ ਖਰਚ ਕੀਤੀ |
| 9 | 14ਵਾਂ ਵਿੱਤ ਕਮਿਸ਼ਨ | - | - | - | - | - | - | - | - | 64.00 | 55.00 | 119.00 | ਸੋਲਿਡ ਵੇਸਟ, ਸੜਕਾਂ/ਨਾਲੀਆਂ/ਫੁੱਟਪਾਥ, ਸਟਰੀਟ ਲਾਈਟ ਰਿਪੇਅਰ, ਰਿਟਾਇਰਮੈਂਟ ਡਿਊਜ |
| 10 | ਅਰਬਨ | - | - | - | - | - | - | - | 182.2 | - | - | 182. | ਵਿਕਾਸ ਕੰਮ, ਸੜਕਾ ਦੀ |

| | | | | | | | | | | | | | |
|---|---|---|---|---|---|---|---|---|---|---|---|---|---|
| | ਮਿਸ਼ਨ | | | | | | | | 8 | | | 28 | ਉਸਾਰੀ |
| | **ਕੁੱਲ ਜੋੜ** | **4.24** | **21.75** | **2.40** | **80.50** | **436.31** | **475.36** | **10.95** | **188.08** | **77.06** | **105.93** | 1402.58 | - |

ਅਨੁਲੱਗ–ਅ

| ਲੜੀ ਨੰ: | ਸਕੀਮ/ਪ੍ਰੋਜੈਕਟ ਦਾ ਨਾਂ | **2009-10** | **2010-11** | **2011-12** | **2012-13** | **2013-14** | **2014-15** | **2015-16** | **2016-17** | **2017-18** | **2018-19** | ਕੁੱਲ ਜੋੜ | **ਖਰਚ ਮੰਤਵ** |
|---|---|---|---|---|---|---|---|---|---|---|---|---|---|
| 1 | ਐਮ.ਪੀ. ਲੈਂਡ | 7.50 | 7.50 | - | - | 13.25 | 19.00 | - | - | 1.50 | - | 48.75 | ਧਰਮਸ਼ਾਲਾ ਦੀ ਉਸਾਰੀ ਲਈ |
| 2 | ਯੂ.ਡੀ.–11 | 3.64 | 6.83 | 6.03 | 9.00 | - | - | - | - | - | - | 25.50 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 3 | ਜਿਲ੍ਹਾ ਯੋਜਨਾ ਬੋਰਡ | 10.00 | - | 1.50 | - | - | - | - | - | - | - | 11.50 | ਛੱਪੜਾਂ ਦੀ ਚਾਰ ਦੀਵਾਰੀ/ ਸਫਾਈ ਲਈ |
| 4 | ਪੀ.ਐਮ.ਅਾਈ.ਡੀ.ਸੀ. | - | - | - | 172.39 | 58.00 | - | - | 242.00 | 200.00 | - | 672.39 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 5 | ਯੂ.ਡੀ. 8–ਸੀ | 2.00 | - | - | - | - | - | - | - | - | - | 2.00 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 6 | ਵਿਵੇਕੀ ਗਰਾਂਟ | 2.00 | - | - | - | - | - | - | - | - | - | 2.00 | ਧਰਮਸ਼ਾਲਾ ਦੀ ਉਸਾਰੀ ਲਈ |
| 7 | ਬੰਧਨ ਮੁਕਤ | - | - | 2.00 | - | 2.50 | - | - | - | - | - | 4.50 | ਵਿਕਾਸ ਕੰਮ ਸਬੰਧੀ |
| 8 | ਮੁੱਖ ਮੰਤਰੀ ਗਰਾਂਟ | - | - | - | - | - | 303.20 | - | - | - | - | 303.20 | ਵਿਕਾਸ ਕੰਮ, ਸੜਕਾਂ, ਨਾਲੀਆਂ ਦੀ ਉਸਾਰੀ |
| 9 | ਸਵੱਛ ਭਾਰਤ ਮਿਸ਼ਨ | - | - | - | - | - | - | - | 11.18 | 38.06 | - | 49.24 | ਆਈ.ਐਚ.ਐਲ., ਰਿਕਸ਼ਾ ਰੇਹੜੀ ਖਰੀਦ ਲਈ, ਪਬਲਿਕ ਟੁਆਇਲਟ, ਪਿੱਟ, ਐਮ.ਐਰ.ਐਫ., ਆਈ.ਈ.ਸੀ. ਅਵੇਅਰਨੈੱਸ |
| 10 | ਪ੍ਰਧਾਨ ਮੰਤਰੀ ਅਵਾਸ ਯੋਜਨਾ | - | - | - | - | - | - | - | - | - | 91.35 | 91.35 | ਘਰ ਘਰ ਮਕਾਨ ਸਕੀਮ ਤਹਿਤ ਖਰਚ ਕੀਤੀ |
| | ਕੁੱਲ ਜ਼ੋੜ | **25.14** | **14.33** | **9.53** | **181.39** | **73.75** | **322.20** | **0.00** | **253.18** | **239.56** | **91.35** | **1210.43** | **-** |

---

## <u>ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 302*</u>

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

---

## <u>ਪੰਜਾਬ ਪੁਲਿਸ ਦੇ ਆਈ.ਟੀ.ਐਂਡ ਟੀ. ਵਿੰਗ ਵਿੱਚ ਵਿੱਤੀ/ ਪ੍ਰੋਮੋਸ਼ਨ ਘੁਟਾਲਾ</u>

303. **ਸਰਦਾਰ ਹਰਪਾਲ ਸਿੰਘ ਚੀਮਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

---

* For Unstarred Question No. 302 and reply thereto please see_______.

(ੳ) ਕੀ ਇਹ ਠੀਕ ਹੈ ਕਿ ਪੰਜਾਬ ਪੁਲਿਸ ਵਿਭਾਗ ਦੇ ਆਈ.ਟੀ.ਐਂਡ.ਟੀ. ਵਿੰਗ ਵਿੱਚ ਵਿੱਤੀ ਪ੍ਰੋਮੋਸ਼ਨ ਘੁਟਾਲਾ ਸਾਲ 2008 ਤੋਂ ਲਗਾਤਾਰ ਹੋ ਰਿਹਾ ਹੈ ਜਿਸ ਅਨੁਸਾਰ 195 ਰਿਟਾਇਰ ਹੋ ਚੁੱਕੇ ਜਾ ਮਰ ਚੁੱਕੇ ਕਰਮਚਾਰੀਆਂ ਦਾ ਰਿਕਾਰਡ ਬਦਲ/ ਕੇ ਚੋਰੀ ਕਰਕੇ ਉਨ੍ਹਾਂ ਦੀ ਥਾਂ ਇੱਕ ਖਾਸ ਵਰਗ ਨੂੰ ਲਾਭ ਦਿੱਤਾ ਗਿਆ, ਜਿਸ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗ ਚੁੱਕਾ ਹੈ ਅਤੇ ਅੱਗੇ ਤੋਂ ਵੀ ਲਗਦਾ ਰਹੇਗਾ;

(ਅ) ਕੀ ਇਹ ਵੀ ਠੀਕ ਹੈ ਕਿ ਰਿਟਾਇਰ ਹੋ ਚੁੱਕੇ ਜਾਂ ਮਰ ਚੁੱਕੇ ਕਰਮਚਾਰੀਆਂ ਦੇ ਰਿਕਾਰਡ ਬਦਲਣ ਜਾਂ ਚੋਰੀ ਸਬੰਧੀ ਐਫ.ਆਈ.ਆਰ. ਨੰਬਰ 18/2017 ਸੈਕਟਰ 3 ਚੰਡੀਗੜ੍ਹ ਵਿੱਚ ਦਰਜ ਹੈ ਜਿਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ;

(ੲ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਘੁਟਾਲੇ ਦੀ ਲਗਾਤਾਰਤਾ ਵਿੱਚ 30.06.2019 ਨੂੰ 22 ਕਰਮਚਾਰੀਆਂ ਨੂੰ ਡੀ.ਐਸ.ਪੀ. ਦੀ ਤਰੱਕੀ ਵੀ ਦੇ ਦਿੱਤੀ ਗਈ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹ ਸਾਰੇ ਘੁਟਾਲੇ ਦੀ ਕੋਈ ਜਾਂਚ ਕਿਸੇ SIT ਰਾਹੀਂ ਕੀਤੀ ਜਾਵੇਗੀ;

(ਸ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਘਪਲੇ ਸਬੰਧੀ ਵਿਰੋਧੀ ਧਿਰ ਦੇ ਨੇਤਾ ਵੱਲੋਂ 25-06-2019 ਨੂੰ ਵਧੀਕ ਮੁੱਖ ਸਕੱਤਰ ਅਤੇ 28-06-2019 ਨੂੰ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਨੂੰ ਪੱਤਰ ਭੇਜੇ ਗਏ ਸਨ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ਹੈ?

**ਕੈਪਟਨ ਅਮਰਿੰਦਰ ਸਿੰਘ:** (ੳ) ਨਹੀਂ ਜੀ, ਨਿਯਮਾਂ/ਹਦਾਇਤਾਂ ਅਨੁਸਾਰ ਤਰੱਕੀਆਂ ਕੀਤੀਆਂ ਜਾਂਦੀਆਂ ਹਨ।

(ਅ) ਨਹੀਂ ਜੀ। ਐਫ.ਆਈ.ਆਰ ਨੰਬਰ 18, ਮਿਤੀ 17/02/17, ਅ/ਧ 380 ਆਈ.ਪੀ.ਸੀ., ਥਾਣਾ ਸੈਕਟਰ 3, ਚੰਡੀਗੜ੍ਹ ਵਿਖੇ 1980 ਵਿਚ ਭਰਤੀ ਹੋਏ ਕੁਝ ਕਰਮਚਾਰੀਆਂ ਦਾ ਰਿਕਾਰਡ ਗੁੰਮ ਹੋਣ ਨਾਲ ਹੈ।

(ੲ) ਨਹੀਂ ਜੀ, ਤਰੱਕੀਆਂ ਨਿਯਮਾਂ/ਹਦਾਇਤਾਂ ਅਨੁਸਾਰ ਕੀਤੀਆਂ ਜਾਂਦੀਆਂ ਹਨ।

(ਸ) ਹਾਂ ਜੀ, ਮਾਮਲਾ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਦੇ ਵਿਚਾਰ ਅਧੀਨ ਹੈ।

---

## ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੀਣਯੋਗ ਸਾਫ ਪਾਣੀ ਮੁਹੱਈਆ ਕਰਵਾਉਣਾ

**304. ਸਰਦਾਰ ਬਲਦੇਵ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੀਣਯੋਗ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ; ਜੇਕਰ ਕਰਵਾਇਆ ਜਾ ਰਿਹਾ ਹੈ ਤਾਂ ਇਹ ਕਿਹੜੇ ਪ੍ਰਬੰਧਾਂ ਰਾਹੀਂ ਕਰਵਾਇਆ ਜਾ ਰਿਹਾ ਹੈ;

(ਅ) ਜਿਨ੍ਹਾਂ ਸਕੂਲਾਂ ਵਿੱਚ ਪੀਣਯੋਗ ਪਾਣੀ ਸਰਕਾਰ ਵੱਲੋਂ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ, ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਸਕੂਲਾਂ ਦੇ ਨਾਮ ਕੀ-ਕੀ ਹਨ, ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾਵੇ?

**ਸ਼੍ਰੀ ਵਿਜੈ ਇੰਦਰ ਸਿੰਗਲਾ: (ੳ)** ਹਾਂ ਜੀ, ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੀਣਯੋਗ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸਕੂਲਾਂ ਵਿੱਚ ਸਬਮਰਸੀਬਲ ਅਤੇ ਵਾਟਰ ਵਰਕਸ (ਪਬਲਿਕ ਹੈਲਥ ਵਿਭਾਗ) ਰਾਹੀਂ ਪੀਣਯੋਗ ਪਾਣੀ ਦਾ ਪ੍ਰਬੰਧ ਹੈ।

(ਅ) ਰਾਜ ਦੇ ਕੇਵਲ 20 ਸਰਕਾਰੀ ਸਕੂਲਾਂ ਵਿੱਚ ਪੀਣਯੋਗ ਪਾਣੀ ਦੀ ਘਾਟ ਪਾਈ ਜਾ ਰਹੀ ਹੈ। ਇਨ੍ਹਾਂ 20 ਸਕੂਲਾਂ ਵਿੱਚ ਸਕੂਲ ਪੱਧਰ/ ਸਥਾਨਕ ਪੱਧਰ ਤੇ ਪੀਣਯੋਗ ਪਾਣੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਲ ਸਪਲਾਈ

ਅਤੇ ਸੈਨੀਟੇਸ਼ਨ ਵਿਭਾਗ ਨੂੰ ਵੀ ਇਨ੍ਹਾਂ ਸਕੂਲਾਂ ਵਿੱਚ ਸਾਫ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਹਿਤ ਬੇਨਤੀ ਕੀਤੀ ਗਈ ਹੈ। ਸਕੂਲਾਂ ਦੀ ਸੂਚੀ ਅਨੁਲੱਗ-'ੳ' ਤੇ ਰੱਖੀ ਗਈ ਹੈ।

**ਅਨੁਲੱਗ- 'ੳ'**

| ਸਕੂਲਾਂ ਦੀ ਸੂਚੀ | | | | |
|---|---|---|---|---|
| ਲੜੀ ਨੰ: | ਜ਼ਿਲ੍ਹਾ | ਸੀ.ਡੀ. ਬਲਾਕ | ਯੂ-ਡਾਇਸ ਕੋਡ | ਸਕੂਲ ਦਾ ਨਾਮ |
| 1 | ਫਰੀਦਕੋਟ | ਕੋਟਕਪੂਰਾ | 3130210901 | ਸਪ੍ਰਸ ਫਿਡੇ ਕਲਾਂ |
| 2 | ਫਿਰੋਜ਼ਪੁਰ | ਮਮਦੋਟ | 3110611401 | ਸਪ੍ਰਸ ਬੁੱਟਰ |
| 3 | ਫਿਰੋਜ਼ਪੁਰ | ਮਮਦੋਟ | 3110601601 | ਸਪ੍ਰਸ ਚੱਕ੍ਰ ਗੁਲਾ |
| 4 | ਫਿਰੋਜ਼ਪੁਰ | ਜ਼ੀਰਾ | 3110909701 | ਸਪ੍ਰਸ ਪੰਡੋਰੀ ਜੱਟਾਂ |
| 5 | ਹੁਸ਼ਿਆਰਪੁਰ | ਮਹਿਲਪੁਰ | 3050705402 | ਸਹਸ ਮੈਲੀ |
| 6 | ਕਪੂਰਥਲਾ | ਸੁਲਤਾਨਪੁਰ ਲੋਧੀ | 3030508102 | ਸਮਿਸ ਕਬੀਰ ਪੁਰ |
| 7 | ਕਪੂਰਥਲਾ | ਫਗਵਾੜਾ | 3030413601 | ਸਪ੍ਰਸ ਟਾਂਡਾ ਬਾਗਨਾ |
| 8 | ਕਪੂਰਥਲਾ | ਸੁਲਤਾਨਪੁਰ ਲੋਧੀ | 3030505801 | ਸਪ੍ਰਸ ਹੈਬਤ ਪੁਰ |
| 9 | ਪਟਿਆਲਾ | ਘਨੌਰ | 3170308502 | ਸਮਿਸ ਰਾਮਪੁਰ ਯੂ ਪੀ ਐਸ |
| 10 | ਪਟਿਆਲਾ | ਸਮਾਣਾ | 3170804701 | ਸਪ੍ਰਸ ਖਾਨਪੁਰ ਗੜ੍ਹੀਆਂ |
| 11 | ਪਟਿਆਲਾ | ਘਨੌਰ | 3170309201 | ਸਪ੍ਰਸ ਸਲੇਮਪੁਰ ਸੈਕਿਆਂ |
| 12 | ਪਟਿਆਲਾ | ਘਨੌਰ | 3170302201 | ਸਪ੍ਰਸ ਗਧਾਪੁਰ |
| 13 | ਪਟਿਆਲਾ | ਘਨੌਰ | 3170305101 | ਸਪ੍ਰਸ ਖਾਲਸਪੁਰ |
| 14 | ਪਟਿਆਲਾ | ਪਾਤੜਾਂ | 3170603001 | ਸਪ੍ਰਸ ਹੈਰੋ ਕਲ੍ਹਾਂ |
| 15 | ਪਟਿਆਲਾ | ਨਾਭਾ | 3170407901 | ਸਪ੍ਰਸ ਜੀਲਦਪੁਰ |
| 16 | ਪਟਿਆਲਾ | ਭੁਨਰਹੇੜੀ | 3170110601 | ਸਪ੍ਰਸ ਨਾਰੰਗਵਾਲ |
| 17 | ਪਟਿਆਲਾ | ਭੁਨਰਹੇੜੀ | 3170112601 | ਸਪ੍ਰਸ ਸੁਰਸੁਤੀਗੜ੍ਹ |
| 18 | ਪਟਿਆਲਾ | ਘਨੌਰ | 3170300701 | ਸਪ੍ਰਸ ਬਲਹੇੜ੍ਹੀ |
| 19 | ਸੰਗਰੂਰ | ਅਹਿਮਦਗੜ੍ਹ | 3160102001 | ਸਪ੍ਰਸ ਸ਼ੇਖੂਪੁਰ ਖੁਰਦ |
| 20 | ਤਰਨ ਤਾਰਨ | ਪੱਟੀ | 3190604201 | ਸਾਐਸ ਮਾਨ |

---

**ਪਿੰਡਾਂ ਵਿੱਚ ਕੋਆਪ੍ਰੇਟਿਵ ਸੁਸਾਇਟੀਆਂ ਖੋਲ੍ਹਣਾ**

**305. ਸਰਦਾਰ ਬਲਦੇਵ ਸਿੰਘ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਅੰਦਰ ਕੁੱਲ ਕਿੰਨੇ ਪਿੰਡਾਂ ਹਨ ਅਤੇ ਕਿਹੜੇ ਕਿਹੜੇ ਪਿੰਡਾਂ ਵਿੱਚ ਕੋਆਪ੍ਰੇਟਿਵ ਸੁਸਾਇਟੀਆਂ ਖੋਲ੍ਹੀਆਂ ਹੋਈਆਂ ਹਨ?

(ਅ) ਕੀ ਬਾਕੀ ਰਹਿੰਦੇ ਪਿੰਡਾਂ ਵਿੱਚ ਕੋਆਪ੍ਰੇਟਿਵ ਸੁਸਾਇਟੀਆਂ ਖੋਲ੍ਹਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ;

(ੲ) ਇਨ੍ਹਾਂ ਸੁਸਾਇਟੀਆਂ ਨੂੰ ਖੋਲ੍ਹਣ ਲਈ ਕੀ ਮਾਪ ਦੰਡ ਅਪਣਾਇਆ ਜਾਂਦਾ ਹੈ, ਵਿਸਥਾਰ ਸਹਿਤ ਵੇਰਵਾ ਦਿੱਤਾ ਜਾਵੇ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** (ੳ) ਰਾਜ ਅੰਦਰ ਕੁੱਲ 12473 ਪਿੰਡ ਹਨ, ਜਿਨ੍ਹਾਂ ਵਿੱਚੋ 8285 ਪਿੰਡਾਂ ਵਿੱਚ ਕੁੱਲ 14358 ਸਹਿਕਾਰੀ ਸਭਾਵਾਂ ਹਨ, ਜਿਨ੍ਹਾਂ ਵਿੱਚ 3546 ਖੇਤੀਬਾੜੀ ਸਭਾਵਾਂ, 6042 ਦੁੱਧ ਉਤਪਾਦਕ ਸਭਾਵਾਂ, 1804 ਕਿਰਤ ਤੇ ਉਸਾਰੀ ਸਭਾਵਾਂ, 695 ਉਦਯੋਗਿਕ ਸਭਾਵਾਂ, 299 ਹਾਊਸ ਬਿਲਡਿੰਗ ਸਭਾਵਾਂ ਅਤੇ 1972 ਹੋਰ ਸਭਾਵਾਂ ਹਨ।

(ਅ) ਨਹੀਂ।

(ੲ) ਕੋਈ ਵੀ ਸਹਿਕਾਰੀ ਸਭਾ, ਜਿਸ ਦਾ ਮੰਤਵ ਸਹਿਕਾਰਤਾ ਦੇ ਨਿਯਮਾਂ ਅਨੁਸਾਰ ਆਪਣੇ ਮੈਂਬਰਾਂ ਦੇ ਹਿੱਤਾਂ ਵਿੱਚ ਵਾਧਾ ਕਰਨ ਲਈ ਜਾਂ ਕੰਮ-ਕਾਜ ਦੀ ਸਹੂਲਤ ਦੇਣ ਲਈ ਹੋਵੇ ਪੰਜਾਬ ਸਹਿਕਾਰੀ ਸਭਾਵਾਂ, ਐਕਟ 1961 ਅਧੀਨ ਰਜਿਸਟਰਡ ਕੀਤੀ ਜਾਂਦੀ ਹੈ। ਵੱਖ-ਵੱਖ ਸਹਿਕਾਰੀ ਸਭਾਵਾਂ, ਰਜਿਸਟਰ ਕਰਨ ਲਈ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 1961 ਦੇ ਅਨੁਸਾਰ ਦਰਖਾਸਤ ਤਿਆਰ ਕਰਕੇ ਰਜਿਸਟਰਾਰ, ਸਹਿਕਾਰੀ ਸਭਾਵਾਂ, ਨੂੰ ਭੇਜੀ ਜਾਂਦੀ ਹੈ ਅਤੇ ਉਹਨਾਂ ਦੀ ਤਸੱਲੀ ਹੋਣ ਉਪਰੰਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਦੇ ਪੱਧਰ ਤੇ ਰਜਿਸਟਰ ਕੀਤੀ ਜਾਂਦੀ ਹੈ। ਵੱਖ-ਵੱਖ ਸਹਿਕਾਰੀ ਸਭਾਵਾਂ ਰਜਿਸਟਰ ਕਰਨ ਲਈ ਮੁਬਲਿਗ 600 ਰੁਪਏ ਦਾ ਡਿਮਾਂਡ ਡਰਾਫਟ ਤਿਆਰ ਕਰਕੇ ਪਨਕੋਫੈਡ, ਚੰਡੀਗੜ੍ਹ ਨੂੰ ਭੇਜਿਆ ਜਾਂਦਾ ਹੈ। ਭਿਜਵਾਈ ਪੱਤਰ ਤੇ ਮੈਂਬਰਾਂ ਦੇ ਨਾਮ ਅਤੇ ਸਭਾ ਦੇ ਬਾਈਲਾਜ਼ ਦੀਆਂ ਕਾਪੀਆਂ ਰਜਿਸਟਰਾਰ, ਸਹਿਕਾਰੀ ਸਭਾਵਾਂ ਪਾਸੋਂ ਪ੍ਰਵਾਨ ਕਰਵਾਉਣ ਉਪਰੰਤ ਸਭਾ ਰਜਿਸਟਰ ਕੀਤੀ ਜਾਂਦੀ ਹੈ। ਵੱਖ-ਵੱਖ ਸਹਿਕਾਰੀ ਸਭਾਵਾਂ ਰਜਿਸਟਰ ਕਰਨ ਵੇਲੇ ਤਜਵੀਜ਼ਤ ਮੈਂਬਰਾਂ ਦੀ ਘੱਟੋ ਘੱਟ ਗਿਣਤੀ (PACS 300, ਦੁੱਧ ਉਤਪਾਦਕ ਸਭਾਵਾਂ 21, ਕਿਰਤ ਤੇ ਉਸਾਰੀ ਸਭਾਵਾਂ 21, ਹਾਊਸ ਬਿਲਡਿੰਗ ਸਭਾਵਾਂ 21, ਟੀ. ਐਂਡ ਸੀ. ਸਭਾਵਾਂ 21) ਹੋਣੀ ਚਾਹੀਦੀ ਹੈ।

---

**ਮਾਨਯੋਗ ਸਪੀਕਰ:** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

(ਇਸ ਸਮੇਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ...ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਦੋ ਅਨਾਊਂਸਮੈਂਟਸ ਕਰ ਲਈਏ, ਫਿਰ ਜ਼ੀਰੋ ਆਵਰ ਲੈ ਲਿਓ। (ਵਿਘਨ, ਸ਼ੋਰ) ਦੋ ਅਨਾਊਂਸਮੈਂਟਸ ਕਰ ਲਈਏ, ਬਾਅਦ ਵਿੱਚ ਜ਼ੀਰੋ ਆਵਰ ਲੈ ਲਿਓ।

---

## ANNOUNCEMENT BY THE HON'BLE SPEAKER REGARDING PANEL OF CHAIRMEN

**ਮਾਨਯੋਗ ਸਪੀਕਰ** : ਅਨਾਊਂਸਮੈਂਟ।

(i) ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਦੇ ਲਈ ਨਾਮਜ਼ਦ ਕਰਦਾ ਹਾਂ: –

1. ਸਰਦਾਰ ਪਰਗਟ ਸਿੰਘ ਪੋਆਰ;
2. ਸਰਦਾਰ ਪਰਮਿੰਦਰ ਸਿੰਘ ਪਿੰਕੀ;
3. ਸ਼੍ਰੀ ਅਮਨ ਅਰੋੜਾ; ਅਤੇ
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਐਡਜਰਨਮੈਂਟ ਮੋਸ਼ਨ ਤੇ ਬੋਲਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

---

## ANNOUNCEMENT BY THE SECRETARY

**ਮਾਨਯੋਗ ਸਪੀਕਰ** : ਹੁਣ ਸਕੱਤਰ ਸਾਹਿਬ ਅਨਾਊਂਸਮੈਂਟ ਕਰਨਗੇ।

**ਸ਼੍ਰੀਮਤੀ ਸਕੱਤਰ** : ਮੈਂ 15ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਸੱਤਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ:

1. ਪੰਜਾਬ ਬਿਲਡਿੰਗ ਬਾਈ-ਲਾਅਜ਼ ਦੀ ਉਲੰਘਣਾ ਕਰਕੇ ਉਸਾਰੀਆਂ ਗਈਆਂ ਇਮਾਰਤਾਂ ਦਾ ਇਕੋ-ਵਾਰ ਸਵੈ-ਪ੍ਰਗਟਾਵਾ ਅਤੇ ਨਿਪਟਾਰਾ ਬਿਲ, 2019

2. ਅੰਮ੍ਰਿਤਸਰ ਵਾਲਡ ਸਿਟੀ (ਉਪਯੋਗ ਕਰਨ ਦੀ ਮਾਨਤਾ) ਸੋਧਨਾ ਬਿਲ, 2019

3. ਪੰਜਾਬ ਨਮਿੱਤਣ ਬਿਲ, 2019

4. ਪੰਜਾਬ ਨਮਿੱਤਣ (ਨੰ:2) ਬਿਲ, 2019

5. ਪੰਜਾਬ ਨਮਿੱਤਣ (ਨੰ:3) ਬਿਲ, 2019

6. ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2019

7. ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2019

---

## MATTERS RAISED DURING ZERO HOUR

**ਮਾਨਯੋਗ ਸਪੀਕਰ:** ਹਾਂ ਜੀ, ਜ਼ੀਰੋ ਆਵਰ। (ਵਿਘਨ, ਸ਼ੋਰ) ਵਾਰੀ-ਵਾਰੀ ਬੋਲ ਲੈਣਾ, ਪਹਿਲਾਂ ਚੀਮਾ ਸਾਹਿਬ ਬੋਲ ਲੈਣ। ਜੇ ਸਾਰੇ ਬੋਲੋਗੇ ਤਾਂ ਫਿਰ ਤਾਂ ਗੱਲ ਬਣਨੀ ਨਹੀਂ ਹੈ। ਪਲੀਜ਼ ਬੈਠ ਜਾਓ, ਵਾਰੀ-ਵਾਰੀ ਬੋਲ ਲਓ, ਵਾਰੀ-ਵਾਰੀ ਬੋਲ ਲਓ। ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹੇ ਹਨ, ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹੇ ਹਨ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਲੈ ਕੇ .... (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਇੱਕ ਮਿੰਟ ਚੀਮਾ ਜੀ, ਇੱਕ ਮਿੰਟ। (ਵਿਘਨ...) ਤੁਹਾਡਾ ਐਡਜਰਨਮੈਂਟ ਮੋਸ਼ਨ ਰਿਜੈਕਟ ਹੋ ਚੁੱਕਾ ਹੈ ਔਰ ਉਸ ਦੀ ਤੁਹਾਨੂੰ ਇਤਲਾਹ ਦੇ ਦਿੱਤੀ ਗਈ ਹੈ, (ਵਿਘਨ...) ਉਸ ਦੀ ਤੁਹਾਨੂੰ ਇਤਲਾਹ ਦੇ ਦਿੱਤੀ ਗਈ ਹੈ। ਤੁਹਾਡਾ ਐਡਜਰਨਮੈਂਟ ਮੋਸ਼ਨ ਰਿਜੈਕਟ ਹੋ ਚੁੱਕਾ ਹੈ। (ਵਿਘਨ...) ਰੂਲ ਦੇ ਮੁਤਾਬਿਕ ਹੀ ਕੀਤਾ ਹੈ। ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ, ਬੈਠ ਜਾਓ। ਮੈਂ ਰੂਲਿੰਗ ਦੇ ਦਿੰਦਾ ਹਾਂ, ਤੁਸੀਂ ਸੁਣ ਲਓ, ਤੁਸੀਂ ਬੈਠ ਕੇ ਸੁਣ ਲਓ।(ਵਿਘਨ...) ਮੈਂ ਰੂਲਿੰਗ ਦੇ ਦਿੰਦਾ ਹਾਂ, ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ, (ਵਿਘਨ...) ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ।

## RULING BY THE HON'BLE SPEAKER REGARDING REJECTION OF AN ADJOURNMENT MOTION

**ਮਾਨਯੋਗ ਸਪੀਕਰ:** ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਹੋਰਾਂ ਵੱਲੋਂ ਦਿੱਤਾ ਗਿਆ ਕੰਮ ਰੋਕੂ ਪ੍ਰਸਤਾਵ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 60(1) ਅਧੀਨ ਨੋਟਿਸ ਦੇਣ ਦਾ ਸਮਾਂ ਪੂਰਾ ਨਹੀਂ ਕਰਦਾ ਹੈ। ਨਿਯਮ 60(1) ਕੰਮ ਰੋਕੂ ਪ੍ਰਸਤਾਵ ਦਾ ਨੋਟਿਸ ਉਸ ਦਿਨ ਜਿਸ ਦਿਨ ਕਿ ਪ੍ਰਸਤਾਵ ਕੀਤੇ ਜਾਣ ਦੀ ਤਜਵੀਜ਼ ਹੋਵੇ ਬੈਠਕ ਦੇ ਆਰੰਭ ਹੋਣ ਤੋਂ ਘੱਟੋ-ਘੱਟ ਦੋ ਘੰਟੇ ਪਹਿਲਾਂ ਲਿਖਤੀ ਰੂਪ ਵਿੱਚ... (ਵਿਘਨ, ਸ਼ੋਰ) ਸੁਣ ਲਓ, ਸੁਣ ਲਓ, ਸੁਣ ਲਓ...ਅੱਗੇ ਸੁਣ ਲਓ, ਜ਼ਰਾ ਸੁਣ ਲਓ। ਲਿਖਤੀ ਰੂਪ ਵਿੱਚ ਸਕੱਤਰ ਨੂੰ ਦਿੱਤਾ ਜਾਵੇਗਾ ਅਤੇ ਫਿਰ ਸਕੱਤਰ ਉਸ ਦੀਆਂ ਨਕਲਾਂ ਸਪੀਕਰ, ਸਬੰਧਤ ਮੰਤਰੀ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ ਜਾਂ ਮੁੱਖ ਸੰਸਦੀ ਸਕੱਤਰ ਨੂੰ ਭੇਜੇਗਾ। ਇਹ ਤੁਸੀਂ ਸਕੱਤਰ ਸਾਹਿਬ ਨੂੰ ਹੈਂਡਓਵਰ ਕਰਨਾ ਸੀ। ਕੀ ਤੁਸੀਂ ਦੋ ਘੰਟੇ ਪਹਿਲਾਂ ਸਕੱਤਰ ਸਾਹਿਬ ਨੂੰ ਹੈਂਡਓਵਰ ਕੀਤਾ? (ਵਿਘਨ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਰ, ਗੱਲ ਸੁਣੋ ਜੀ।

**ਮਾਨਯੋਗ ਸਪੀਕਰ:** ਬੋਲੋ, ਬੋਲੋ, ਢੀਂਡਸਾ ਸਾਹਿਬ, ਬੋਲੋ। ਢੀਂਡਸਾ ਸਾਹਿਬ, ਬੋਲੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਅਸੀਂ ਅੱਠ ਵਜੇ ਤੋਂ ਪਹਿਲਾਂ ਸਕੱਤਰ ਸਾਹਿਬ ਨੂੰ ਇਨਫਾਰਮ ਕੀਤਾ, ਇਨ੍ਹਾਂ ਨਾਲ ਗੱਲ ਹੋਈ ਤੇ ਇਹ ਇੱਥੇ ਨਾ ਹੋਣ ਕਰਕੇ ਤੁਹਾਡੇ ਘਰ 8 ਵੱਜ ਕੇ 5 ਮਿੰਟ ਤੇ ਅਸੀਂ ਇਹ ਐਡਜਰਨਮੈਂਟ ਮੋਸ਼ਨ ਰਿਸੀਵ ਕਰਵਾ ਕੇ ਆਏ ਹਾਂ।

**ਮਾਨਯੋਗ ਸਪੀਕਰ:** ਸਕੱਤਰ ਸਾਹਿਬ ਨੇ ਤੁਹਾਨੂੰ ਕਿਹਾ ਕਿ ਮੈਂ ਘਰ ਹਾਂ, ਮੇਰੇ ਘਰ ਭੇਜ ਦਿਓ, ਇਸ ਵਿੱਚ... (ਵਿਘਨ) ਗੱਲ ਸੁਣ ਲਓ, Rule is very clear... Rule is very clear.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਇਹ ਬਹਾਨਾ ਹੈ, ਇਹ ਰਿਜੈਕਟ ਕਰਨ ਦੇ ਬਹਾਨੇ ਹਨ।ਇੰਨੇ ਇੰਪਾਰਟੈਂਟ ਇਸ਼ੂ ਤੇ ਜਿਹੜਾ ਅੱਜ ਸਾਰੇ ਪੰਜਾਬ ਦਾ ਸਭ ਤੋਂ ਸੈਂਸੇਟਿਵ ਇਸ਼ੂ ਹੈ, ਅਸੀਂ ਉਸ ਤੇ ਐਡਜਰਨਮੈਂਟ ਮੋਸ਼ਨ ਲੈ ਕੇ ਆਏ ਹਾਂ, ਉਸ ਤੇ ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਤੁਸੀਂ ਕਹਿ ਸਕਦੇ ਹੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਕੀ ਹਾਊਸ ਵਿੱਚ ਫੋਨ ਸੁਣਨਾ ਅਲਾਊਡ ਹੈ? ਮੰਤਰੀ ਸਾਹਿਬ ਫੋਨ ਸੁਣ ਰਹੇ ਹਨ, ਕੀ ਫੋਨ ਸੁਣਨਾ ਅਲਾਉਡ ਹੈ? (ਵਿਘਨ)

**ਮਾਨਯੋਗ ਸਪੀਕਰ:** ਫੋਨ ਕੌਣ ਸੁਣ ਰਿਹਾ ਹੈ? ਰਜ਼ੀਆ ਜੀ ਫੋਨ ਨਹੀਂ ਸੁਣ ਸਕਦੇ, ਫੋਨ ਨਹੀਂ ਸੁਣ ਸਕਦੇ। ਰਜ਼ੀਆ ਜੀ, ਬਾਹਰ ਜਾ ਕੇ ਗੱਲ ਕਰ ਲਓ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਜੋ ਕੁਝ ਤੁਸੀਂ ਪਿਛਲੇ ਦਿਨੀਂ ਦੇਖਿਆ ਹੈ, ਜੋ ਕਨਫਿਊਜ਼ਨ ਹੈ, ਜਿਸ ਤਰੀਕੇ ਨਾਲ ਸਰਕਾਰ ਵੱਲੋਂ contradictory statements ਆ ਰਹੀਆਂ ਹਨ ਅਤੇ ਜਿਸ ਤਰੀਕੇ

ਨਾਲ ਸਰਕਾਰ ਇਸ ਇਨਕੁਆਇਰੀ ਨੂੰ derail ਕਰਨ ਵਿੱਚ ਲੱਗੀ ਹੋਈ ਹੈ, ਸਰਕਾਰ ਵੱਲੋਂ, ਏ.ਜੀ. ਵੱਲੋਂ, ਸੀ.ਐਮ. ਸਾਹਿਬ ਵੱਲੋਂ contradictory statements ਆ ਰਹੀਆਂ ਹਨ।

**ਮਾਨਯੋਗ ਸਪੀਕਰ:** ਤੁਸੀਂ ਕੰਮ ਰੋਕੂ ਮਤਾ ਦਿੱਤਾ ਹੈ, ਤੁਸੀਂ ਕੰਮ ਰੋਕੂ ਮਤਾ ਦਿੱਤਾ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰੀ ਗੱਲ ਸੁਣੋ ਜੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਅਸੀਂ ਤੁਹਾਨੂੰ ਇਨਫਾਰਮ ਕਰ ਦਿੱਤਾ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਅਸੀਂ ਸੁਪਰੀਮ ਕੋਰਟ ਤੋਂ monitored inquiry ਦੀ ਮੰਗ ਕੀਤੀ ਹੈ। ਸਪੀਕਰ ਸਾਹਿਬ, ਅਸੀਂ ਕੁਝ ਵੀ.....(ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਰਿਜੈਕਟ ਹੋ ਗਿਆ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਗੱਲ ਸੁਣੋ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਜ਼ੀਰੋ ਆਵਰ, ਚੀਮਾ ਜੀ, ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ (ਵਿਰੋਧੀ ਧਿਰ ਦੇ ਨੇਤਾ):** ਸਪੀਕਰ ਸਾਹਿਬ, ਬਰਗਾੜੀ ਕਾਂਡ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਲੈ ਕੇ ਹੁਣ ਤੱਕ ਪੰਜਾਬ ਵਿੱਚ ਚਾਰ ਐਸ.ਆਈ.ਟੀ. ਬਣੀਆਂ ਹਨ। ਦੋ ਅਕਾਲੀ ਦਲ ਵੇਲੇ ਬਣੀਆਂ ਹਨ ਅਤੇ ਦੋ ਕੈਪਟਨ ਸਾਹਿਬ ਦੀ ਅਗਵਾਈ ਵਿੱਚ ਬਣੀਆਂ ਹਨ। ਇਕ ਸੀ.ਬੀ.ਆਈ ਦੀ ਐਸ.ਆਈ.ਟੀ. ਬਣਾਈ ਹੈ। ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਧਿਆਨ ਦੇਣ ਕਿ ਸੀ.ਬੀ.ਆਈ. ਤੋਂ ਕੰਸੈਂਟ 06.09.2018 ਨੂੰ ਵਾਪਸ ਹੋਈ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਆ ਕੇ ਉੱਚੀ-ਉੱਚੀ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਹਰਪਾਲ ਸਿੰਘ ਚੀਮਾ (ਵਿਰੋਧੀ ਧਿਰ ਦੇ ਨੇਤਾ):** ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ 06.09.2018 ਨੂੰ ਕੰਸੈਂਟ ਵਾਪਸ ਲਈ ਹੈ। ਉਸ ਤੋਂ ਬਾਅਦ ਪ੍ਰਮੋਦ ਕੁਮਾਰ, ਜਿਹੜੇ ਡੀ.ਜੀ.ਪੀ. ਹਨ, ਉਹ ਵਾਰ-ਵਾਰ ਸੀ.ਬੀ.ਆਈ. ਨੂੰ ਲੈਟਰ ਲਿਖ ਰਹੇ ਹਨ ਕਿ ਸੀ.ਬੀ.ਆਈ. ਦੁਬਾਰਾ ਇਨਵੈਸਟੀਗੇਸ਼ਨ ਕਰੇ। (ਵਿਘਨ...ਸ਼ੋਰ) ਕੀ ਪ੍ਰਮੋਦ ਕੁਮਾਰ ਪੰਜਾਬ ਸਰਕਾਰ ਦੇ ਅੰਡਰ ਨਹੀਂ ਹੈ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਹਰਪਾਲ ਸਿੰਘ ਚੀਮਾ:** ਕੀ ਪ੍ਰਮੋਦ ਕੁਮਾਰ ਪੰਜਾਬ ਸਰਕਾਰ ਦਾ ਅਧਿਕਾਰੀ ਨਹੀਂ ਹੈ? ਉਹ ਵਾਰ-ਵਾਰ ਸੀ.ਬੀ.ਆਈ. ਨੂੰ ਲੈਟਰ ਲਿਖ ਰਿਹਾ ਹੈ।ਉਸ ਨੇ 26/7/19 ਨੂੰ ਲੈਟਰ ਲਿਖਿਆ ਕਿ ਸੀ.ਬੀ.ਆਈ. further Inquiry ਕਰੇ। ਸਪੀਕਰ ਸਾਹਿਬ, ਸੀ.ਬੀ.ਆਈ. ਫਰਦਰ ਇਨਕੁਆਰੀ ਕਰੇਗੀ ਤਾਂ ਇਹ ਵਿਧਾਨ ਸਭਾ ਦੀ ਤੌਹੀਨ ਹੈ ਕਿਉਂਕਿ ਪੰਜਾਬ ਸਰਕਾਰ ਨੇ ਮਤਾ ਪਾਸ ਕਰਕੇ ਲਿਖ ਕੇ ਭੇਜਿਆ ਹੈ ਕਿ ਕੰਸੈਂਟ ਵਿਦਡਰਾਅ ਕੀਤੀ ਜਾਂਦੀ ਹੈ ਕਿ ਸੀ.ਬੀ.ਆਈ. ਜਾਂਚ ਨਾ ਕਰੇ ਪਰ ਉਸ ਤੋਂ ਬਾਅਦ ਕੀ ਹੋਇਆ? ਪ੍ਰਮੋਦ ਕੁਮਾਰ ਵਾਰ-ਵਾਰ ਲੈਟਰ ਲਿਖ ਰਿਹਾ ਹੈ। ਮੈਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪ੍ਰਮੋਦ ਕੁਮਾਰ ਸੀ.ਐਮ. ਸਾਹਿਬ ਤੋਂ ਉੱਪਰ

** ** Not recorded as ordered by the chair.

ਹਨ ਅਤੇ ਕੀ ਪ੍ਰਮੋਦ ਕੁਮਾਰ ਪੰਜਾਬ ਸਰਕਾਰ ਤੋਂ ਉੱਪਰ ਹਨ? ਕੀ ਇਹ ਮਸਲਾ ਹੱਲ ਨਹੀਂ ਕਰਨਾ ਚਾਹੁੰਦੇ? ਕੀ ਪ੍ਰਮੋਦ ਕੁਮਾਰ ਅਕਾਲੀ ਦਲ ਦੇ ਨੁਮਾਇੰਦਿਆਂ ਨੂੰ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ, ਬਚਾਉਣਾ ਚਾਹੁੰਦੇ ਹਨ? ਸਪੀਕਰ ਸਾਹਿਬ, ਸੀ.ਐਮ. ਸਾਹਿਬ ਇਸ ਤੇ ਸਟੈਂਡ ਸਪੱਸ਼ਟ ਕਰਨ ਕਿ ਹੁਣ ਸੀ.ਬੀ.ਆਈ. ਦੀ ਇਨਕੁਆਰੀ ਦੀ ਕੀ ਲੋੜ ਪੈ ਰਹੀ ਹੈ? ਪ੍ਰਮੋਦ ਕੁਮਾਰ ਵਾਰ-ਵਾਰ ਪ੍ਰੈਸ ਵਿੱਚ ਕਿਉਂ ਜਾ ਰਹੇ ਹਨ? ਜਦੋਂ ਐਸ.ਆਈ.ਟੀ. ਦੀ ਪਹਿਲੀ ਰਿਪੋਰਟ ਆਈ ਸੀ, ਜਦੋ ਕੁੰਵਰ ਵਿਜੇ ਪ੍ਰਤਾਪ ਦੀ ਪਹਿਲੀ ਰਿਪੋਰਟ ਆਈ ਸੀ, ਉਦੋਂ ਵੀ ਚਾਰ ਮੈਂਬਰਾਂ ਨੇ ਐਸ.ਆਈ.ਟੀ. ਦੇ ਖਿਲਾਫ ਬੋਲਿਆ ਸੀ। ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ? ਹੁਣ 26/7/19 ਨੂੰ ਪ੍ਰਮੋਦ ਕੁਮਾਰ ਦੁਬਾਰਾ ਇੱਕ ਵਾਰ ਫਿਰ ਸੀ.ਬੀ.ਆਈ. ਨੂੰ ਲਿਖ ਰਹੇ ਹਨ ਕਿ ਤੁਸੀਂ further inquiry ਕਰੋ। ਸੋ, ਇਹ ਮਾਮਲਾ ਬੜਾ ਗੰਭੀਰ ਹੈ। ਇੱਥੋਂ ਪਤਾ ਲਗਦਾ ਹੈ ਕਿ ਕੈਪਟਨ ਸਾਹਿਬ ਦੇ ਜਿਹੜੇ ਅਧਿਕਾਰੀ ਹਨ, ਉਹ ਬਾਦਲ ਪਰਿਵਾਰ ਨੂੰ ਅਤੇ ਸ਼੍ਰੋਮਣੀ ਅਕਾਲੀ ਦਲ ਵਾਲਿਆਂ ਨੂੰ, ਜਿਹੜੇ ਬੇਅਦਬੀ ਕਰਨ ਵਾਲੇ ਹਨ ਅਤੇ ਇੱਥੇ ਵੈੱਲ ਵਿੱਚ ਖੜ੍ਹੇ ਹਨ, ਇਨ੍ਹਾਂ ਨੂੰ ਬਚਾਉਣਾ ਚਾਹੁੰਦੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ [****] ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ। ਮਾਣੂਕੇ ਜੀ... ਮਾਣੂਕੇ ਜੀ ਨੂੰ ਬੋਲ ਲੈਣ ਦਿਉ। ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਬਹੁਤ-ਬਹੁਤ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਮੈਂ ਗੱਲ ਕਰਨਾ ਚਾਹੁੰਦੀ ਹਾਂ ਕਿ ਬੇਰੁਜ਼ਗਾਰੀ ਇੱਕ ਗੰਭੀਰ ਮੁੱਦਾ ਬਣ ਚੁੱਕਾ ਹੈ ਜਿਸ ਵਿੱਚ ਸਾਡਾ ਜਗਸੀਰ ਸਿੰਘ, ਪੀ.ਐਚ.ਡੀ., ਯੂ.ਜੀ.ਸੀ ਹੋਲਡਰ ਅਤੇ ਨੈੱਟ ਕਲੀਅਰ ਬੱਚਾ ਸੁਸਾਈਡ ਕਰ ਗਿਆ। ਸਪੀਕਰ ਸਾਹਿਬ, ਇਹ ਤਾਂ ਬੇਰੁਜ਼ਗਾਰੀ ਦੀ ਗੱਲ ਹੈ ਪਰ ਜਿਨ੍ਹਾਂ ਨੂੰ ਰੁਜ਼ਗਾਰ ਦੇ ਕੇ ਸਰਕਾਰ ਖੁਦ ਸ਼ੋਸ਼ਣ ਕਰਵਾ ਰਹੀ ਹੈ, ਮੈਂ ਉਸ ਠੇਕੇਦਾਰੀ ਸਿਸਟਮ, ਡੇਅਲੀਵੇਜ ਸਿਸਟਮ ਅਤੇ ਆਊਟਸੋਰਸ ਸਿਸਟਮ ਦੀ ਗੱਲ ਕਰਨਾ ਚਾਹੁੰਦੀ ਹਾਂ। ਠੇਕੇਦਾਰੀ ਦੇ ਅੰਡਰ ਜਿਹੜੇ ਸਾਡੇ ਐਮ.ਐਸ.ਸੀ., ਬੀ.ਐੱਡ., ਪੜ੍ਹੇ ਲੋਕ ਹਨ, ਉਨ੍ਹਾਂ ਨੂੰ ਨੌਕਰੀ ਮਿਲ ਗਈ ਪਰ ਉਹ 4500/- 5400/- ਵਿੱਚ ਧੱਕੇ ਖਾਂਦੇ ਹਨ।ਅਸੀਂ ਹਰ ਵਾਰ ਸਰਕਾਰ ਬਣਾਉਣ ਦੇ ਚੱਕਰ ਵਿੱਚ ਉਨ੍ਹਾਂ ਵਿਚਾਰਿਆਂ ਨੂੰ ਲਾਰੇ ਲਾਉਂਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਤੁਸੀਂ ਵੋਟਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਅਸੀਂ ਆਉਂਦੇ ਸਾਰ ਪਹਿਲੀ ਕੈਬਨਿਟ ਵਿੱਚ ਬਰਾਬਰ ਕੰਮ ਬਰਾਬਰ ਤਨਖਾਹ ਦੇਵਾਂਗੇ। ਇੱਥੇ ਇਕ ਗੱਲ ਜ਼ਰੂਰ ਧਿਆਨ ਦੇਣਯੋਗ ਹੈ ਕਿ ਜਿਹੜਾ ਪੈਸਾ ਸੈਂਟਰ ਤੋਂ ਆ ਰਿਹਾ ਹੈ ਅਤੇ ਜਿੰਨਾ ਪੈਸਾ ਆ ਰਿਹਾ ਹੈ ਜੇਕਰ ਠੇਕੇਦਾਰ ਓਨਾ ਹੀ ਪੈਸਾ ਅੱਗੇ ਮੁਲਾਜ਼ਮਾਂ ਨੂੰ ਨਹੀਂ ਦਿੰਦਾ ਤਾਂ ਉਸ ਲਈ ਕੋਈ ਪਾਲਿਸੀ ਬਣਨੀ ਚਾਹੀਦੀ ਹੈ। ਪੰਜਾਬ ਦੇ ਵਿੱਚ ਕੁੱਲ ਮਿਲਾ ਕੇ ....

**ਮਾਨਯੋਗ ਸਪੀਕਰ:** ਚਲੋ ਬੈਠੋ... ਬੈਠੋ... ਅਮਨ ਅਰੋੜਾ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਰ, ਇੱਕ ਮਿੰਟ ਜੀ। ਵਾਈਂਡ ਅੱਪ ਕਰ ਲੈਣ ਦਿਉ ਜੀ। ਪੰਜਾਬ ਦੇ ਵਿੱਚ 50,000 ਤੋਂ ਉੱਪਰ ਘਰ ਹਨ ਜਿਹੜੇ ਠੇਕੇਦਾਰੀ ਦੀ ਗੁਲਾਮੀ ਝੱਲ ਰਹੇ ਹਨ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਬੈਠੋ... ਪਲੀਜ਼ ਬੈਠੋ। ਬੈਠੋ... ਬੈਠੋ। ਅਮਨ ਅਰੋੜਾ ਜੀ।

---

[****] Not recorded as ordered by the chair.

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਦੇ ਅਤੇ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਤੋਂ ਪਹਿਲਾਂ ਸਰਕਾਰ ਦਾ ਕਿਸਾਨਾਂ ਲਈ ਕਰਜ਼ਾ ਮੁਆਫੀ ਸਬੰਧੀ ਫਲੈਗਸ਼ਿਪ ਪ੍ਰੋਗਰਾਮ ਸੀ। ਇਨ੍ਹਾਂ ਨੇ ਘਰ-ਘਰ ਫਾਰਮ ਭਰਵਾਏ ਤੇ 90,000 ਕਰੋੜ ਰੁਪਿਆ ਕਰਜ਼ਾ ਮੁਆਫ ਕਰਨ ਦੀ ਗੱਲ ਕੀਤੀ। ਸਰ, ਮੇਰੇ ਕੋਲ ਰਿਕਾਰਡ ਹੈ, ਮੇਰੇ ਹਲਕੇ ਦਾ ਇੱਕ ਪਿੰਡ ਹੈ... (ਵਿਘਨ..ਸ਼ੋਰ) ਪਰਮਿੰਦਰ ਢੀਂਡਸਾ ਜੀ ਦਾ ਆਪਣਾ ਪਿੰਡ ਹੈ। ਸਰ, ਉਥੋਂ ਦਾ ਕਿਸਾਨ ਭੋਲਾ ਖਾਨ ਹੈ ਜਿਸ ਕੋਲ ਇੱਕ ਏਕੜ ਤੋਂ ਘੱਟ ਜ਼ਮੀਨ ਸੀ ਅਤੇ 37,000 ਤੋਂ ਵੱਧ ਕਰਜ਼ਾ ਸੀ। ਉਸ ਨੂੰ ਕੋਆਪਰੇਟਿਵ ਸੁਸਾਇਟੀ ਲਿਖ ਕੇ ਦਿੰਦੀ ਹੈ ਕਿ ਸਰਕਾਰ ਦੀ ਕਰਜ਼ਾ ਮੁਆਫੀ ਸਕੀਮ ਦੀਆਂ ਸਾਰੀਆਂ ਸ਼ਰਤਾਂ ਨੂੰ ਉਹ ਪੂਰਾ ਕਰਦਾ ਹੈ ਪਰ ਅੱਗੋਂ ਪਟਵਾਰੀ ਰਿਪੋਰਟ ਕਰਦਾ ਹੈ ਕਿ ਇਹ ਬੰਦਾ ਨਹੀਂ ਲੱਭਦਾ, ਕਿਸਾਨ ਨਹੀਂ ਲੱਭਦਾ। ਪਟਵਾਰੀ ਕਿਸਾਨ ਨੂੰ ਨਹੀਂ ਲੱਭਿਆ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਸਰ, ਅਸਲ ਵਿੱਚ ਉਸ ਕਿਸਾਨ ਨੇ ਕਾਂਗਰਸ ਪਾਰਟੀ ਦਾ ਸਿਰੋਪਾ ਲੈਣ ਤੋਂ ਨਾਂਹ ਕਰ ਦਿੱਤੀ, ਇਸ ਕਰਕੇ ਉਸ ਨੂੰ ਕਰਜ਼ਾ ਮੁਆਫੀ ਵਿੱਚੋਂ ਬਾਹਰ ਕਰ ਦਿੱਤਾ ਗਿਆ।ਇਸ ਸਕੀਮ ਅਧੀਨ ਪਹਿਲਾਂ ਅਕਾਲੀ ਦਲ ਦੀ ਸਰਕਾਰ ਦੇ ਆਪਣੇ ਲੋਕਾਂ ਦੀ ਕਰਜ਼ਾ ਮੁਆਫੀ ਹੋ ਗਈ।(ਵਿਘਨ, ਸ਼ੋਰ) ਉਸ ਤੋਂ ਬਾਅਦ ਕਾਂਗਰਸੀਆਂ ਨੇ ਕਬਜ਼ਾ ਕਰ ਲਿਆ ਅਤੇ ਆਮ ਕਿਸਾਨ ਉਸ ਵਿੱਚ ਰੁਲ ਗਿਆ।(ਵਿਘਨ, ਸ਼ੋਰ) ਸਰ, ਕਿਸਾਨਾਂ ਨਾਲ ਬਹੁਤ ਵੱਡਾ ਧੋਖਾ ਹੋਇਆ ਹੈ।(ਵਿਘਨ, ਸ਼ੋਰ)

**Mr. Speaker:** Thank you, thank you. ਸ਼੍ਰੀ ਕੰਵਰ ਸੰਧੂ... ਕੰਵਰ ਸੰਧੂ। (ਵਿਘਨ, ਸ਼ੋਰ)

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਰਕਾਰ ਦਾ ਧਿਆਨ ਗੰਨਾ ਉਤਪਾਦਕਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਨ੍ਹਾਂ ਦੇ ਗੰਨੇ ਦਾ ਬਕਾਇਆ ਰਹਿੰਦਾ ਹੈ। ਪਿਛਲੇ ਸਾਲ ਦਾ 209 ਸਰਕਾਰੀ ਕੋਆਪਰੇਟਿਵ ਦਾ 251 ਕਰੋੜ ਰੁਪਿਆ ਹਾਲੇ ਤੱਕ ਬਾਕੀ ਰਹਿੰਦਾ ਹੈ। ਪਿਛਲੇ ਬਜਟ ਵਿੱਚ ਸਾਡੇ ਵਿੱਤ ਮੰਤਰੀ ਸਾਹਿਬ ਨੇ 270 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਸੀ ਪਰ ਫਿਰ ਵੀ ਹਾਲੇ ਤੱਕ ਇਹ ਬਕਾਇਆ ਬਾਕੀ ਹੈ। ਸਾਡੇ ਇਲਾਕੇ ਦੀ ਮੋਰਿੰਡਾ ਮਿੱਲ ਦਾ almost ਸਾਢੇ 31 ਕਰੋੜ ਰੁਪਿਆ ਬਾਕੀ ਹੈ। ਇਸ ਤੋਂ ਇਲਾਵਾ ਪ੍ਰਾਈਵੇਟ ਮਿੱਲਾਂ ਦਾ ਬਕਾਇਆ ਵੀ ਹਾਲੇ ਤੱਕ ਬਾਕੀ ਹੈ। (ਵਿਘਨ, ਸ਼ੋਰ) ਸੋ, ਮੈਂ ਵਿੱਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਜਟ ਵਿੱਚ ਪ੍ਰੋਵੀਜ਼ਨ ਹੋਣ ਦੇ ਬਾਵਜੂਦ ਗੰਨੇ ਦਾ ਬਕਾਇਆ ਹਾਲੇ ਤੱਕ ਕਿਉਂ ਨਹੀਂ ਦਿੱਤਾ ਗਿਆ? ਸਪੀਕਰ ਸਾਹਿਬ, ਅਗਲਾ ਸੀਜ਼ਨ ਨਵੰਬਰ ਵਿੱਚ ਸ਼ੁਰੂ ਹੋਣ ਵਾਲਾ ਹੈ। (ਵਿਘਨ, ਸ਼ੋਰ) ਗੰਨੇ ਦਾ under cultivation area ਪਹਿਲਾਂ ਨਾਲੋਂ 35-40 ਪ੍ਰਤੀਸ਼ਤ ਘੱਟ ਗਿਆ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਚਲੋ ਬੈਠੋ... ਚਲੋ ਬੈਠੋ। (ਵਿਘਨ, ਸ਼ੋਰ) ਜੈ ਕ੍ਰਿਸ਼ਨ ਸਿੰਘ ਜੀ ਤੁਸੀਂ ਬੋਲੋ। (ਵਿਘਨ, ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਮੈਂ ਸਰਕਾਰ ਦਾ ਧਿਆਨ ਕੰਢੀ ਕੈਨਾਲ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਹੜੀ ਤਲਵਾੜਾ ਤੋਂ ਲੈ ਕੇ ਬਲਾਚੌਰ ਤੱਕ ਆਉਂਦੀ ਹੈ। ਇਹ ਇਲਾਕਾ ਪਹਾੜੀ ਦੇ ਨਾਲ-ਨਾਲ ਲਗਦਾ ਹੈ। ਸਰ, ਕੰਢੀ ਕੈਨਾਲ ਲਗਭਗ 90-95 ਪ੍ਰਤੀਸ਼ਤ ਕੰਪਲੀਟ ਹੋ ਚੁੱਕੀ ਹੈ ਪਰ ਤ੍ਰਾਸਦੀ ਇਹ ਹੈ ਕਿ ਉਥੋਂ ਦੇ ਸਰਕਾਰੀ ਟਿਊਬਵੈੱਲ ਕਾਫੀ ਖਰਾਬ ਹੋ ਚੁੱਕੇ ਹਨ। ਕਿਸਾਨਾਂ ਦੀ ਫਸਲ ਬਿਨਾਂ ਪਾਣੀ ਕਾਰਨ ਉੱਜੜ ਚੁੱਕੀ ਹੈ। ਮੇਰੀ ਸਰਕਾਰ ਨੂੰ ਬੇਨਤੀ

** ** Not recorded as ordered by the chair.

ਹੈ ਕਿ ਉਸ ਨਹਿਰ ਲਈ ਲੋੜੀਂਦੇ ਫੰਡ ਦਿੱਤੇ ਜਾਣ ਤਾਂ ਜੋ ਇਲਾਕੇ ਦੇ ਕਿਸਾਨਾਂ ਦੀਆਂ ਦਿੱਕਤਾਂ ਦੂਰ ਹੋ ਜਾਣ। ਕਿਸਾਨਾਂ ਨੂੰ ਪਾਣੀ ਦੀ ਵੱਡੀ ਦਿੱਕਤ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਚਲੋ ਬੈਠੋ... ਚਲੋ ਬੈਠੋ। (ਵਿਘਨ, ਸ਼ੋਰ) ਜਗਦੇਵ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਜਗਦੇਵ ਸਿੰਘ:** ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਪੰਜਾਬ ਵਿੱਚ ਫੈਲੇ ਭ੍ਰਿਸ਼ਟਾਚਾਰ ਵੱਲ ਦਿਵਾਉਣਾ ਚਾਹੁੰਦਾ ਹਾਂ। ਅੱਜ ਪੰਜਾਬ ਵਿੱਚ ਭ੍ਰਿਸ਼ਟਾਚਾਰ ਦੇ ਫੈਲਣ ਦਾ ਮੁੱਖ ਕਾਰਨ ਪੰਜਾਬ ਦੀ ਅਫਸਰਸ਼ਾਹੀ ਨੂੰ ਜ਼ਿੰਮੇਵਾਰ ਨਾ ਬਣਾਉਣਾ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਦੋਸ਼ੀ ਨੂੰ ਤਾਂ ਸਜ਼ਾ ਦਿੱਤੀ ਜਾ

ਸਕਦੀ ਹੈ ਪਰੰਤੂ ਇਸ ਨੂੰ ਕੰਟਰੋਲ ਕਰਨ ਵਾਲੀ ਅਫਸਰਸ਼ਾਹੀ ਆਪਣੀ ਸ਼ਾਨੋ-ਸ਼ੌਕਤ ਨਾਲ ਤਰੱਕੀਆਂ ਵੱਲ ਵੱਧ ਰਹੀ ਹੈ। ਜਦੋਂ ਕਿ ਚਾਹੀਦਾ ਤਾਂ ਇਹ ਸੀ ਕਿ ਜਿਹੜੀ ਕਾਰਵਾਈ ਕਾਨੂੰਨ ਤੋਂ ਬਾਹਰ ਹੁੰਦੀ ਹੈ, ਉਸ ਵਾਸਤੇ ਅਫਸਰਸ਼ਾਹੀ ਨੂੰ ਵੀ ਜ਼ਿੰਮੇਵਾਰ ਬਣਾਇਆ ਜਾਵੇ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਚਲੋ ਬੈਠੋ... ਚਲੋ ਬੈਠੋ। (ਵਿਘਨ, ਸ਼ੋਰ) ਜਗਤਾਰ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ:** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਹਲਕਾ ਰਾਏਕੋਟ ਦੇ ਹਲਵਾਰਾ ਵਿੱਚ ਜਿਹੜਾ ਏਅਰਪੋਰਟ ਬਣ ਰਿਹਾ ਹੈ, ਉਸ ਦਾ ਨੋਟੀਫਿਕੇਸ਼ਨ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਮਿਤੀ 17.07.2019 ਨੂੰ ਜਾਰੀ ਹੋਇਆ ਹੈ। ਇਸ ਨੋਟੀਫਿਕੇਸ਼ਨ ਵਿੱਚ ਕਿਸਾਨਾਂ ਦੀ ਜ਼ਮੀਨ ਦਾ ਸਿਰਫ ਖਾਤਾ ਨੰਬਰ ਹੀ ਦੱਸਿਆ ਗਿਆ ਹੈ।ਉਸ ਵਿੱਚ ਇਹ ਨਹੀਂ ਦੱਸਿਆ ਗਿਐ ਕਿ ਕਿਹੜੇ ਕਿਸਾਨ ਦੀ ਕਿੰਨੀ ਜ਼ਮੀਨ ਐਕੁਆਇਰ ਹੋਈ ਹੈ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਚਲੋ ਬੈਠੋ। (ਵਿਘਨ, ਸ਼ੋਰ) ਕਾਲ ਅਟੈਂਸ਼ਨ, ਕੁਲਤਾਰ ਸਿੰਘ ਸੰਧਵਾਂ ਜੀ। (ਵਿਘਨ, ਸ਼ੋਰ) ਕਾਲ ਅਟੈਂਸ਼ਨ, ਕੁਲਤਾਰ ਸਿੰਘ ਸੰਧਵਾਂ ਜੀ।

---

## CALL ATTENTION NOTICES UNDER RULE 66

## (SERIAL NUMBER 05)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੈਂ ਮਾਨਯੋਗ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਟੀ.ਡੀ.ਐਸ. ਸਕੀਮ ਦੇ ਵਿੱਚ ਜਿਹੜੀ ਕਣਕ ਅਤੇ ਆਟਾ-ਦਾਲ ਵੰਡੀ ਜਾਂਦੀ ਹੈ, ਉਸ ਦਾ ਵੇਟ ਵੀ ਬਹੁਤ ਜਗ੍ਹਾ ਤੇ ਘੱਟ ਹੁੰਦਾ ਹੈ।ਉਸ ਦੀ ਕੁਆਲਿਟੀ ਵੀ ਬੜੀ ਸਬ ਸਟੈਂਡਰਡ ਹੁੰਦੀ ਹੈ। ਜਿਸ ਨਾਲ ਬੜੇ ਤਰ੍ਹਾਂ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਕੁਲਤਾਰ ਸਿੰਘ ਜੀ, ਇਹ ਪੜ੍ਹਨਾ ਹੁੰਦਾ ਹੈ।ਇਹ ਪੜ੍ਹ ਕੇ ਬੋਲੋ।(ਵਿਘਨ, ਸ਼ੋਰ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

1. **Sardar Kultar Singh Sandhwan:**
2. **Sardar Kulwant Singh Pandori**
3. **Shri Aman Arora**

Sir, I want to draw the attention of the government towards a matter of urgent importance, namely, the wheat which is supplied under Atta Dal Scheme is less in weight and is also of sub-standard quality wheat is distributed amongst the poor people which poses the danger of

---

** ** Not recorded as ordered by the chair.

out-breaking of gastroenteritis and many other types of diseases. There is great resentment amongst the people over this issue.

Keeping in view the obvious and urgent importance of the matter, the Minister concerned may please be asked to make a statement on the floor of the House.

**ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ਼੍ਰੀ ਭਾਰਤ ਭੂਸ਼ਣ ਆਸ਼ੂ):** ਪੰਜਾਬ ਰਾਜ ਵਿੱਚ ਆਟਾ ਦਾਲ ਸਕੀਮ ਹੁਣ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਵੰਡੀ ਜਾਣ ਵਾਲੀ ਕਣਕ ਦੇ ਤੋਲ ਘੱਟ ਅਤੇ ਸਬਸਟੈਂਡਰਡ ਹੋਣ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ।ਇਸ ਨੂੰ ਵਿਚਾਰਦੇ ਹੋਈ ਦੋਸ਼ੀਆਂ ਅਤੇ ਅਧਿਕਾਰੀਆਂ ਦੇ ਵਿਰੁੱਧ ਕਾਰਵਾਈ ਵੀ ਕੀਤੀ ਗਈ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੁਝ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੇਅਦਬੀ ਕਰਨ ਵਾਲੇ, (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੇ 1986 ਵਿੱਚ ਵੀ ਬੇਅਦਬੀ ਕੀਤੀ ****। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** **** ਸ਼ਬਦ ਐਕਸਪੰਜ ਕੀਤਾ ਜਾਵੇ।(ਵਿਘਨ,ਸ਼ੋਰ) Mind your language please. (ਵਿਘਨ,ਸ਼ੋਰ) ਤੁਸੀਂ ਕਾਲ ਅਟੈਂਸ਼ਨ ਤੇ ਬੋਲੋ। (ਵਿਘਨ,ਸ਼ੋਰ) ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਬੋਲਿਆ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ,ਸ਼ੋਰ) ਕੁਝ ਵੀ ਰਿਕਾਰਡ ਨਹੀਂ ਕੀਤਾ ਜਾਵੇਗਾ। (ਵਿਘਨ,ਸ਼ੋਰ) ਕਾਲ ਅਟੈਂਸ਼ਨ, ਕਾਲ ਅਟੈਂਸ਼ਨ। (ਵਿਘਨ,ਸ਼ੋਰ)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸਮਾਰਟ ਕਾਰਡ ਹਨ ਕੀ ਇਹ ਕਿਤੇ ਸਰਕਾਰ ਕਾਰਡ ਤਾਂ ਨਹੀਂ ਹਨ। ਇਹ ਕਦੋਂ ਤੱਕ ਜਨਰਲ ਪਬਲਿਕ ਨੂੰ ਸਮਾਰਟ ਕਾਰਡ ਮਿਲ ਜਾਣਗੇ। (ਵਿਘਨ,ਸ਼ੋਰ)

**ਮਾਨਯੋਗ ਸਪੀਕਰ:** ਭਾਰਤ ਭੂਸ਼ਣ ਜੀ, ਜਵਾਬ ਦੇ ਦਿਓ। (ਵਿਘਨ,ਸ਼ੋਰ)

**ਮੰਤਰੀ:** ਜਿਹੜਾ ਕਾਲ ਅਟੈਂਸ਼ਨ ਇਨ੍ਹਾਂ ਨੇ ਮੂਵ ਕੀਤਾ ਹੈ ਉਸ ਤੇ ਸਰਕਾਰ ਦਾ ਬੜਾ ਕਲੀਅਰ ਸਟੈਂਡ ਹੈ ਜੇ ਕਿਤੇ ਵੀ ਕੋਈ ਕੁਤਾਹੀ ਹੋਵੇਗੀ ਤੇ ਇਹ ਕੁਤਾਹੀ ਜੇਕਰ ਕੋਈ ਡਿਪੂ ਹੋਲਡਰ ਕਰਦਾ ਹੋਵੇਗਾ ਤਾਂ ਅਸੀਂ ਬਿਲਕੁਲ ਵੀ ਸਪੇਅਰ ਨਹੀਂ ਕਰਾਂਗੇ। (ਵਿਘਨ,ਸ਼ੋਰ).

**ਮਾਨਯੋਗ ਸਪੀਕਰ:** ਹਾਂ ਜੀ, ਕੁਲਵੰਤ ਪੰਡੋਰੀ ਜੀ। (ਵਿਘਨ,ਸ਼ੋਰ)

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਰ, ਜਿਨ੍ਹਾਂ ਅਧਿਕਾਰੀਆਂ ਨੇ ਹੁਣ ਤੱਕ ਮਾੜੀ ਕਣਕ ਗਰੀਬਾਂ ਨੂੰ ਦਿੱਤੀ ਕੀ ਉਨ੍ਹਾਂ ਨੇ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਕਦੋਂ ਤੱਕ ਕਰ ਦਿੱਤੀ ਜਾਵੇਗੀ। (ਵਿਘਨ,ਸ਼ੋਰ)

**ਮੰਤਰੀ:** ਸਪੀਕਰ ਸਾਹਿਬ, ਜਦੋਂ ਜਦੋਂ ਅਤੇ ਜਿੱਥੋਂ ਜਿੱਥੋਂ ਵੀ ਕੰਪਲੇਂਟ ਆਈ ਹੈ ਅਸੀਂ ਹਮੇਸ਼ਾ ਕਾਰਵਾਈ ਕੀਤੀ। ਮੈਂਬਰ ਸਾਹਿਬ ਨੇ ਵੀ ਜਦੋਂ ਕੰਪਲੇਂਟ ਕੀਤੀ, ਅਸੀਂ ਇਮੀਡੇਟਲੀ ਸਬ ਸਟੈਂਡਰਡ ਕਣਕ ਚੇਂਜ ਕਰਵਾਈ। ਜਿੱਥੇ ਘੱਟ ਤੋਲਣ ਦੀਆਂ ਕੰਪਲੇਂਟਾਂ ਆਈਆਂ ਹਨ ਉੱਥੇ ਸਸਪੈਂਸ਼ਨ ਕੀਤੀ। ਹਰ ਡਿਪੂ ਹੋਲਡਰ ਨੂੰ ਕੰਡਾ ਪ੍ਰੋਵਾਈਡ ਕਰਵਾ ਕੇ ਦਿੱਤਾ ਹੈ।ਸਪੀਕਰ ਸਾਹਿਬ, ਲੋਕਾਂ ਨੂੰ ਅਵੇਅਰ ਕਰਨ ਦੀ ਲੋੜ ਹੈ ਅਤੇ ਜਿੱਥੇ ਉਨ੍ਹਾਂ ਨੂੰ ਸ਼ੱਕ ਪੈਂਦਾ ਹੈ ਉਹ ਤੁਲਵਾ ਕੇ ਲੈ ਕੇ ਜਾਣ। (ਵਿਘਨ,ਸ਼ੋਰ)

---

**** Expunged as ordered by the chair.

**ਮਾਨਯੋਗ ਸਪੀਕਰ:** ਅਮਨ ਅਰੋੜਾ ਜੀ। (ਵਿਘਨ,ਸ਼ੋਰ)

**ਸ਼੍ਰੀ ਅਮਨ ਅਰੋੜਾ:** ਸਰ, ਗਰੀਬਾਂ ਦੇ ਨਾਲ ਜੁੜਿਆ ਹੋਇਆ ਮਸਲਾ ਹੈ। ਮੈਂ ਮੰਤਰੀ ਜੀ ਤੋਂ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਸਟੇਟ ਗੌਰਮਿੰਟ ਦੇ ਫੂਡ ਸਕਿਓਰਟੀ ਐਕਟ ਦੇ ਅਧੀਨ ਗਜਟ ਨੋਟੀਫਿਕੇਸ਼ਨ ਵਿੱਚ ਕਲੀਅਰਲੀ ਮੈਨਸ਼ਨਡ ਹੈ ਕਿ nutritional value ਮੇਨਟੇਨ ਹੋਣੀ ਚਾਹੀਦੀ ਹੈ। Take home ਰਾਸ਼ਨ ਦੇ ਵਿੱਚ 600 ਕੈਲੋਰੀਜ਼ ਅਤੇ ਪ੍ਰੋਟੀਨ ਦਾ content ਵੀ ਦਿੱਤਾ ਹੋਇਆ ਹੈ। (ਵਿਘਨ,ਸ਼ੋਰ) ਇੱਕ-ਦੋ ਗੱਲਾਂ ਹੋਰ ਹਨ, ਇਹ ਸਕੀਮ Lady Dominant Scheme ਹੈ। ਕੀ ਗਰੀਬ ਲੇਡੀ 210 ਕਿੱਲੋ ਆਟਾ ਜਾਂ ਕਣਕ ਚੱਕ ਕੇ ਲਿਜਾ ਸਕਦੀ ਹੈ? ਤੀਜਾ, ਸਰਕਾਰ ਤੈਅ ਕਰਦੀ ਹੈ ਕਿ ਕਿਹੜਾ ਬੈਨੀਫੀਸ਼ਰੀ ਕਿਹੜੇ ਡਿਪੂ ਤੇ ਜਾਵੇਗਾ। ਇਹ discretion ਬੈਨੀਫੀਸ਼ਰੀ ਦੀ ਹੋਣੀ ਚਾਹੀਦੀ ਹੈ। ਸਰ, ਬਾਕੀ ਜਿਹੜੀਆਂ e-pos ਮਸ਼ੀਨਾਂ ਹਨ, ਉਹ ਤੁਸੀਂ ਇੱਕ ਇੰਸਪੈਕਟਰ ਨੂੰ ਇੱਕ ਦਿੱਤੀ ਹੋਈ ਹੈ ਜਦਕਿ ....(ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਅਮਨ ਜੀ... ਅਮਨ ਜੀ, ਇੱਕ ਸਵਾਲ ਹੀ ਪੁੱਛ ਸਕਦੇ ਹੋ। No, No, No.

**(ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ):** ਸਪੀਕਰ ਸਾਹਿਬ, ਜਿਹੜੀ ਕਣਕ ਵੰਡੀ ਜਾਂਦੀ ਹੈ, ਉਸ ਦੀ ਬਕਾਇਦਾ ਤੌਰ ਤੇ nutritional value ਚੈੱਕ ਹੁੰਦੀ ਹੈ।ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਜੇ ਕਿਤੇ ਕਮਜ਼ੋਰੀ ਆਈ ਹੈ ਤੇ ਨਾਲ ਹੀ ਜਿਵੇਂ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਦੱਸਿਆ, ਅਸੀਂ ਇਮੀਜੇਟ ਕਣਕ ਬਦਲੀ ਵੀ ਹੈ।ਇਸ ਤੋਂ ਇਲਾਵਾ ਘੱਟ ਤੋਲਣ ਵਾਲੀਆਂ ਜਿਹੜੀਆਂ ਕੰਪਲੇਟਸ ਆਉਂਦੀਆਂ ਹਨ, ਉਸ ਵਾਸਤੇ ਬਕਾਇਦਾ ਮੈਕਾਨਿਜ਼ਮ ਬਣਿਆ ਹੋਇਆ ਹੈ। ਸਾਡੇ ਡਿਪਾਰਟਮੈਂਟਲ ਅਫਸਰ ਵੀ ਹਨ ਅਤੇ ਨਾਲ ਹੀ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਵੀ ਬਣੀਆਂ ਹੋਈਆਂ ਹਨ।ਫੂਡ ਕਮਿਸ਼ਨ ਬਣਿਆ ਹੋਇਆ ਹੈ। ਅਸੀਂ ਫਰੀ ਟੋਲ ਨੰਬਰ ਵੀ ਦਿੱਤਾ ਹੋਇਆ ਹੈ। ਜਿਸ ਉੱਤੇ ਕੋਈ ਮਰਜ਼ੀ ਸ਼ਿਕਾਇਤ ਕਰ ਸਕਦਾ ਹੈ।ਜਿੱਥੋਂ ਤੱਕ e-pos ਮਸ਼ੀਨਾਂ ਦਾ ਸਬੰਧ ਹੈ ਇਹ ਮਸ਼ੀਨ ਉਦੋਂ ਹੀ ਚੱਲਣੀ ਹੈ ਜਦੋਂ ਇੰਸਪੈਕਟਰ ਨੇ ਅੰਗੂਠਾ ਲਾਉਣਾ ਹੈ।ਇਹ ਮਸ਼ੀਨ ਇੰਸਪੈਕਟਰ ਨੂੰ ਹੀ ਦਿੱਤੀ ਜਾਣੀ ਹੈ, ਡਿਪੂ ਹੋਲਡਰ ਨੂੰ ਨਹੀਂ ਦਿੱਤੀ ਜਾਣੀ।ਅਸੀਂ ਕੋਸ਼ਿਸ਼ ਕਰਦੇ ਹਾਂ ਪਰ ਅੰਗੂਠਾ ਸਕੈਨ ਹੁੰਦਾ ਹੈ...

**ਮਾਨਯੋਗ ਸਪੀਕਰ :** ਅਮਨ ਜੀ, ਅਮਨ ਜੀ। ਸਪਲੀਮੈਂਟਰੀ ਇੱਕੋ ਹੀ ਹੁੰਦੀ ਹੈ...ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ। ਅਗਲੀ ਕਾਲ ਅਟੈਂਸ਼ਨ, ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ।

---

**(ਕ੍ਰਮ ਨੰ: 6)**

1. **ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਸ਼੍ਰੀਮਾਨ ਜੀ ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ
2. **ਸ਼੍ਰੀ ਜੈ ਕ੍ਰਿਸ਼ਨ ਰੋੜੀ,** ਅਤਿ ਜ਼ਰੂਰੀ ਮਾਮਲੇ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਕੋਟਕਪੂਰਾ ਅਤੇ ਫਰੀਦਕੋਟ ਸ਼ਹਿਰਾਂ ਵਿਚ ਸੀਵਰੇਜ ਪਾਉਣ, ਸਟਰੀਟ ਲਾਈਟਾਂ ਅਤੇ ਗੰਦੇ ਪਾਣੀ ਦੀ ਨਿਕਾਸੀ ਦਾ ਠੇਕਾ shapoorji Pallongji Company, Mohali ਨੂੰ ਪਿਛਲੇ ਤਿੰਨ ਸਾਲਾਂ ਤੋਂ ਦਿੱਤਾ ਹੋਇਆ ਹੈ।ਇਸ ਕੰਪਨੀ ਦੁਆਰਾ ਕੰਮ ਪੂਰਾ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਬਹੁਤ ਹੀ ਮੁਸ਼ਕਿਲਾਂ ਨਾਲ ਜੂਝਣਾ ਪੈ ਰਿਹਾ। ਥਾਂ-ਥਾਂ ਗੰਦਗੀ ਦੇ ਢੇਰ ਲੱਗੇ ਹੋਏ ਹਨ।ਸਿਤਮਜ਼ਰੀਫੀ ਇਹ ਹੈ ਕਿ ਪਹਿਲਾਂ ਪਾਈਆਂ ਹੋਈਆਂ ਪਾਣੀ ਦੀਆਂ ਪਾਈਪਾਂ ਵੀ ਕੰਪਨੀ ਨੇ ਖੁਰਦ-ਬੁਰਦ ਕਰ ਦਿੱਤੀਆਂ ਹਨ। ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ, ਜਿਸ ਕਾਰਨ ਚਮੜੀ ਦੀਆਂ ਬਿਮਾਰੀਆਂ, ਹੈਜ਼ਾ, ਡੇਂਗੂ ਵਰਗੀਆਂ ਭਿਆਨਕ ਬਿਮਾਰੀਆਂ ਫੈਲ ਰਹੀਆਂ

ਹਨ।ਰਾਤ ਦੇ ਹਨੇਰੇ ਵਿਚ ਸਟਰੀਟ ਲਾਈਟਾਂ ਨਾ ਹੋਣ ਕਾਰਨ ਹਾਦਸੇ ਵਾਪਰ ਰਹੇ ਹਨ।ਲੋਕਾਂ ਵਿਚ ਇਸ ਸਬੰਧੀ ਭਾਰੀ ਬੇਚੈਨੀ ਪਾਈ ਜਾ ਰਹੀ ਹੈ।ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ ਜੀ।

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸਥਾਨਕ ਸਰਕਾਰਾਂ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼ਹਿਰ ਜੈਤੋ, ਫਰੀਦਕੋਟ, ਕੋਟਕਪੂਰਾ ਵਿਖੇ ਸੀਵਰੇਜ, ਘਰਾਂ ਦੇ ਕੁਨੈਕਸ਼ਨ, ਸੀਵਰੇਜ਼ ਟਰੀਟਮੈਂਟ ਪਲਾਂਟ, ਸੜਕਾਂ ਬਣਾਉਣ ਅਤੇ ਸਟਰੀਟ ਲਾਈਟਾਂ ਲਗਾਉਣ ਦਾ ਕੰਮ ਇੱਕੋ ਕਾਂਟਰੈਕਟ ਤੇ ਦੇਣ ਵਾਸਤੇ shapoorji ਅਤੇ pellongi ਕੰਪਨੀ, ਮੁੰਬਈ ਨੂੰ ਸਾਲ 2016 ਵਿਚ ਅਲਾਟ ਕੀਤਾ ਗਿਆ ਸੀ।ਇਹ ਕੰਮ ਪ੍ਰਗਤੀ ਅਧੀਨ ਹੈ।ਕੰਮ ਦੇ ਐਗਰੀਮੈਂਟ ਅਨੁਸਾਰ ਕੰਮ ਮੁਕੰਮਲ ਕਰਨ ਦੀ ਮਿਤੀ 15.12.2017 ਸੀ।ਕੋਟਕਪੂਰਾ ਵਾਟਰ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਲਾਗਤ 95.18 ਕਰੋੜ ਦੇ ਵਿਰੁੱਧ ਕੰਮ ਦੀ ਪ੍ਰਗਤੀ 50% ਹੈ। ਜੈਤੋ ਸੀਵਰੇਜ ਸਕੀਮ ਦੇ ਪ੍ਰਾਜੈਕਟ ਦੀ ਲਾਗਤ 39.75 ਕਰੋੜ ਦੇ ਕੰਮ ਦੀ ਪ੍ਰਗਤੀ 60% ਹੈ ਅਤੇ ਫਰੀਦਕੋਟ ਸੀਵਰੇਜ਼ ਦੇ ਕੰਮ ਦੇ ਪ੍ਰਾਜੈਕਟ ਦੀ ਲਾਗਤ 100.13 ਕਰੋੜ ਦੇ ਵਿਰੁੱਧ ਕੰਮ ਦੀ ਪ੍ਰਗਤੀ 45% ਹੈ। ਫਰੀਦਕੋਟ ਵਿਚ ਮੇਨ ਪੰਪਿੰਗ ਸਟੇਸ਼ਨ ਅਤੇ ਸੀਵਰੇਜ਼ ਟਰੀਟਮੈਂਟ ਪਲਾਂਟ ਲਗਾਉਣ ਦੀ ਜਗ੍ਹਾ ਉਪਲਬਧ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਕੰਮ ਦੀ ਧੀਮੀ ਰਫਤਾਰ ਨੂੰ ਦੇਖਦੇ ਹੋਏ ਕੰਪਨੀ ਨੂੰ ਮਹਿਕਮੇ ਵੱਲੋਂ ਠੇਕੇ ਦਾ 5% ਯਾਨੀ 10.58 ਕਰੋੜ ਰੁਪਏ ਦੀ ਪੈਨਲਟੀ ਲਗਾਈ ਜਾ ਚੁੱਕੀ ਹੈ। ਇਸ ਵਿਚੋਂ ਮਿਤੀ 31.07.2019 ਤੱਕ 1 ਕਰੋੜ ਰੁਪਏ ਰਿਕਵਰ ਕਰ ਲਏ ਗਏ ਹਨ।ਹੁਣ ਏਜੰਸੀ ਵੱਲੋਂ ਪ੍ਰਾਜੈਕਟ ਨੂੰ ਖਤਮ ਕਰਨ ਲਈ ਹੇਠ ਲਿਖੀਆਂ ਗਾਈਡਲਾਈਨਜ਼ ਦਿੱਤੀਆਂ ਗਈਆਂ ਹਨ।

ਜੈਤੋ 31.12.2019, ਕੋਟਕਪੂਰਾ 30.06.2020, ਫਰੀਦਕੋਟ 30.06.2020 ਸੀਵਰੇਜ ਟਰੀਟਮੈਂਟ ਪਲਾਂਟ ਨੂੰ ਛੱਡ ਕੇ ਕੋਟਕਪੂਰੇ ਸ਼ਹਿਰ ਨਾਲ ਸਬੰਧਤ ਨਗਰ ਕੌਂਸਲ ਵੱਲੋਂ ਲਾਈਆਂ ਗਈਆਂ ਸਾਰੀਆਂ ਸਟਰੀਟ ਲਾਈਟਾਂ ਚਾਲੂ ਹਾਲਤ ਵਿਚ ਹਨ।ਇਸ ਸਮੇਂ ਸਟਰੀਟ ਲਾਈਟਾਂ ਸਬੰਧੀ ਕੋਈ ਵੀ ਸ਼ਿਕਾਇਤ ਪੈਂਡਿੰਗ ਨਹੀਂ ਹੈ।ਨਗਰ ਕੌਂਸਲ ਫਰੀਦਕੋਟ ਵੱਲੋਂ ਸ਼ਹਿਰ ਵਿਚ ਜੋ ਵੀ ਸਟਰੀਟ ਲਾਈਟਾਂ ਲਗਾਈਆਂ ਗਈਆਂ ਹਨ, ਉਹ ਚਾਲੂ ਹਾਲਤ ਵਿਚ ਹਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਇਨਫਾਰਮੇਸ਼ਨ ਸਹੀ ਨਹੀਂ ਹੈ।ਇਹ ਬਿਲਕੁਲ ਗਲਤ ਗੱਲ ਹੈ। ਕੋਟਕਪੂਰਾ ਸ਼ਹਿਰ ਵਿਚ ਬਹੁਤ ਸਾਰੀਆਂ ਸਟਰੀਟ ਲਾਈਟਾਂ ਬੰਦ ਹਨ।ਮੈਂ ਕੱਲ੍ਹ ਹੀ ਸ਼ਾਮ ਨੂੰ ਦੇਖ ਕੇ ਆਇਆ ਹਾਂ।ਬਾਕੀ ਜਿਹੜੀ shapoorji ਅਤੇ pellongi ਕੰਪਨੀ ਹੈ,ਉਨ੍ਹਾਂ ਖਿਲਾਫ ਡੀ.ਡੀ.ਆਰ ਵੀ ਦਾਇਰ ਹੋ ਚੁੱਕੀ ਹੈ ਕਿ ਉਨ੍ਹਾਂ ਨੇ ਉੱਥੋਂ ਪਾਈਪਾਂ ਵਗੈਰਾ ਵੀ ਚੋਰੀ ਕਰ ਲਈਆਂ ਹਨ। ਕੀ ਤੁਸੀਂ ਕਿਸੇ ਪ੍ਰਿੰਸੀਪਲ ਸੈਕਟਰੀ ਲੈਵਲ ਦੇ ਅਫਸਰ ਦੀ ਉਥੇ ਚੈੱਕ ਕਰਨ ਦੀ ਡਿਊਟੀ ਲਗਾਉਗੇ ਕਿਉਂਕਿ ਇਹ ਬੜੀ ਸੀਰੀਅਸ ਗੱਲ ਹੈ। ਮੰਤਰੀ ਜੀ ਇਹ ਤੁਹਾਡਾ ਕੀਤਾ ਨਹੀਂ ਹੋਇਆ, ਇਹ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕੀਤਾ ਹੋਇਆ ਹੈ, ਉਹ ਠੇਕਾ ਇਨ੍ਹਾਂ ਨੇ ਹੀ ਦਿੱਤਾ ਸੀ। ਤੁਸੀਂ ਇਨ੍ਹਾਂ ਦੇ ਪਾਪ ਨੂੰ ਅੱਗ carry ਕਰ ਰਹੇ ਹੋ , ਇਨ੍ਹਾਂ ਦੇ ਪਾਪਾਂ ਦੇ ਭਾਗੀ ਆਪਾਂ ਨਾ ਬਣੀਏ। ਮੰਤਰੀ ਸਾਹਿਬ, ਉਥੇ ਕਿਸੇ ਵੱਡੇ ਅਫਸਰ, ਸੀਨੀਅਰ ਅਫਸਰ, ਕਿਸੇ ਪ੍ਰਿੰਸੀਪਲ ਸੈਕਟਰੀ ਲੈਵਲ ਦੇ ਅਫਸਰ ਦੀ ਡਿਊਟੀ ਲਗਾਉ, ਉਹ ਇਨਕੁਆਰੀ ਕਰੇ ਔਰ ਜਿਹੜਾ ਵੀ ਅਧਿਕਾਰੀ ਜ਼ਿੰਮੇਵਾਰ ਹੈ ਉਸ ਖਿਲਾਫ ਕਾਰਵਾਈ ਕੀਤੀ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਪੀਣ ਵਾਲੇ ਪਾਣੀ ਵਿਚ ਸੀਵਰੇਜ ਦਾ ਪਾਣੀ ਜਾ ਰਿਹਾ ਹੈ। ਇਹ ਬੜਾ ਸੀਰੀਅਸ ਮਸਲਾ ਹੈ। ਮੰਤਰੀ ਜੀ, ਮੈਨੂੰ ਪਤਾ ਹੈ ਕਿ ਤੁਸੀਂ ਬੜਾ ਸੰਜੀਦਾ ਤਰੀਕੇ ਨਾਲ ਕੰਮ ਕਰਦੇ ਹੋ। (ਵਿਘਨ)(ਸ਼ੋਰ) ਮੰਤਰੀ ਜੀ, ਤੁਸੀਂ ਆਪਣੀ ਵਿਜ਼ਿਟ ਰੱਖ ਲਵੋ। ਮੰਤਰੀ ਜੀ, ਤੁਹਾਡੀ ਇਕ ਵਿਜ਼ਟ ਨਾਲ ਹੀ ਠੀਕ ਹੋ ਜਾਣਾ ਹੈ। ਇਹ ਸਮੱਸਿਆ ਬੜੀ ਵੱਡੀ ਹੈ, ਇਕ ਤਾਂ ਜਿਹੜਾ ਦੋਸ਼ੀ ਅਧਿਕਾਰੀ ਹੈ ਉਨ੍ਹਾਂ ਉਤੇ ਕਾਰਵਾਈ ਹੋਣੀ ਚਾਹੀਦੀ ਹੈ। (ਵਿਘਨ)(ਸ਼ੋਰ) ਇਹ ਕੰਪਨੀ ਦੋ ਲੱਖ ਰੁਪਿਆ ਮਹੀਨਾ ਮੈਂਟੀਨੈਂਸ ਦਾ ਲੈ ਰਹੀ ਹੈ...

**ਮਾਨਯੋਗ ਸਪੀਕਰ:** ਸਵਾਲ... ਸਵਾਲ... ਸਵਾਲ... ਸਵਾਲ ਪੁੱਛੋ। ਤੁਹਾਡੀ ਸਪਲੀਮੈਂਟਰੀ ਕੀ ਹੈ, ਕੀ ਸਵਾਲ ਹੈ? ਸੰਧਵਾਂ ਜੀ, ਸਵਾਲ ਕੀ ਹੈ?

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਸਵਾਲ ਇਹ ਹੈ ਕਿ ਕੀ ਤੁਸੀਂ ਕਿਸੇ ਪ੍ਰਿੰਸੀਪਲ ਸੈਕਟਰੀ ਲੈਵਲ ਦੇ ਅਧਿਕਾਰੀ ਦੀ ਆਪਣੇ ਤੌਰ ਤੈਨਾਤੀ ਕਰੋਗੇ ਤਾਂ ਕਿ ਉਹ ਉਥੇ ਵਿਜ਼ਟ ਕਰਕੇ ਆਵੇ ਅਤੇ ਅਸੀਂ ਕੰਪਨੀ ਦੇ ਖਿਲਾਫ ਕਾਨੂੰਨੀ ਤੌਰ ਤੇ ਕਾਰਵਾਈ ਕਰਵਾਈਏ।

**ਮੰਤਰੀ:** ਸਪੀਕਰ ਸਾਹਿਬ, ਜਿਹੜੀ ਮੈਂਬਰ ਸਾਹਿਬ ਨੇ ਗੱਲ ਕਹੀ ਹੈ । ਮੈਂ ਖੁਦ ਇਸ ਗੱਲ ਨੂੰ ਮਹਿਸੂਸ ਕਰਦਾ ਹਾਂ ਕਿ ਉਸ ਕੰਪਨੀ ਵੱਲੋਂ ਕੰਮ ਠੀਕ ਨਹੀਂ ਸੀ ਕੀਤਾ ਜਾ ਰਿਹਾ । ਸਾਡੇ ਉਥੋਂ ਦੇ ਐਮ.ਐਲ.ਏ., ਢਿੱਲੋਂ ਸਾਹਿਬ ਨੇ ਵੀ ਇਹ ਗੱਲ ਮੇਰੇ ਨੋਟਿਸ ਵਿਚ ਲਿਆਂਦੀ ਸੀ ਔਰ ਅਸੀਂ ਇਸ ਕੰਪਨੀ ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਬਾਕੀ ਜਿਥੇ ਜਿਹੜੀ ਵੀ ਕੋਈ ਕਮੀ ਹੈ, ਮੇਰੇ ਆਫੀਸਰਜ਼ ਮੌਕੇ ਉਤੇ ਜਾ ਕੇ, ਦੇਖ ਕੇ ਸਾਰੇ ਕੰਮ ਨੂੰ ਠੀਕ ਕਰਨਗੇ। ਮੈਂ ਇਹ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਐਸ਼ੋਅਰ ਕਰਦਾ ਹਾਂ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ, ਰੋੜੀ ਸਾਹਿਬ ਦਾ ਮਾਈਕ ਆਨ ਕਰੋ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਉਸ ਕੰਪਨੀ ਦੇ ਖਿਲਾਫ ਡੀ.ਡੀ.ਆਰ. ਤਾਂ ਦਰਜ ਕੀਤੀ ਗਈ ਸੀ ਪਰੰਤੂ ਉਸ ਖਿਲਾਫ ਪਰਚਾ ਦਰਜ ਨਹੀਂ ਹੋਇਆ। (ਵਿਘਨ)(ਸ਼ੋਰ) ਉਸ ਦੇ ਖਿਲਾਫ ਹੋਰ ਕੋਈ ਕਾਰਵਾਈ ਨਹੀਂ ਹੋਈ। ਕੀ ਮੰਤਰੀ ਜੀ ਉਸ ਦੇ ਖਿਲਾਫ ਕੋਈ ਕ੍ਰਿਮੀਨਲ ਪ੍ਰੋਸੀਡਿੰਗਜ਼ ਸ਼ੁਰੂ ਕਰਨਗੇ? ਡੀ.ਡੀ.ਆਰ. ਹੋ ਗਈ ਹੈ ਲੇਕਿਨ ਅਜੇ ਤੱਕ ਪਰਚਾ ਦਰਜ ਨਹੀਂ ਹੋਇਆ।

**ਮਾਨਯੋਗ ਸਪੀਕਰ:** ਮੰਤਰੀ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ, ਇਹ ਪੁੱਛ ਰਹੇ ਹਨ ਕਿ ਕੀ ਕ੍ਰਿਮੀਨਲ ਪ੍ਰੋਸੀਡਿੰਗਜ਼ ਸ਼ੁਰੂ ਕਰੋਗੇ?

**ਮੰਤਰੀ :** ਬਿਲਕੁਲ ਜੀ। ਸਰ, ਮੈਂ ਇਨ੍ਹਾਂ ਨੂੰ ਐਸ਼ੋਅਰ ਕਰਦਾ ਹਾਂ ਕਿ ਅਗਰ ਕੰਪਨੀ ਵਲੋਂ ਕੋਈ ਹੋਰ ਵੀ ਕਮਜ਼ੋਰੀ ਵਿਖਾਈ ਗਈ ਤਾਂ ਅਸੀਂ ਪੂਰਾ ਐਕਸ਼ਨ ਲਵਾਂਗੇ।

---

** ** Not recorded as ordered by the chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਜਵਾਬ ਸੁਣਿਆ ਨਹੀਂ ਹੈ।

**ਮਾਨਯੋਗ ਸਪੀਕਰ:** ਸਭ ਨੂੰ ਸੁਣ ਗਿਆ ਹੈ, ਸਭ ਨੂੰ ਸੁਣ ਗਿਆ ਹੈ, ਸਾਨੂੰ ਸੁਣ ਗਿਆ ਹੈ। ਹੁਣ ਤੁਸੀਂ ਬੈਠੋ ਜੀ। ਹਾਂ ਜੀ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

---

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਕੰਮ ਰੋਕੂ ਪ੍ਰਸਤਾਵ ਨੂੰ ਅਸਵੀਕਾਰ ਕਰਨ ਦੇ ਰੋਸ ਵਜੋਂ ** **ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

---

## CALL ATTENTION NOTICES UNDER RULE 66 (*RUSUMPTION*)

(ਕ੍ਰਮ ਨੰ: 11)

1. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ
2. **ਸ਼੍ਰੀ ਅਮਨ ਅਰੋੜਾ:** ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਪੰਜਬ ਵਿੱਚ ਅਵਾਰਾ ਕੁੱਤਿਆਂ ਦੀ ਦਹਿਸ਼ਤ ਇੰਨੀ ਵਧ ਗਈ ਹੈ ਕਿ ਲੋਕ ਬੱਚਿਆਂ ਨੂੰ ਬਾਹਰ ਨਿਕਲਣ ਦੇਣ ਤੋਂ ਡਰ ਰਹੇ ਹਨ। ਅਬੋਹਰ ਨੇੜੇ ਪਿੰਡ ਸ਼ੇਰਗੜ੍ਹ ਵਿੱਚ ਬੀਤੇ ਦਿਨ ਅਵਾਰਾ ਕੁੱਤਿਆਂ ਨੇ ਇਕ ਸਾਲਾ ਬੱਚੇ ਨੂੰ ਨੋਚ ਨੋਚ ਕੇ ਖਾ ਲਿਆ। ਪਿਛਲੇ ਅੱਧ ਦਹਾਕੇ' ਵਿਚ ਲੋਕਾਂ ਦੁਆਰਾ ਘਰਾਂ ਵਿੱਚ ਵੱਖ ਵੱਖ ਨਸਲਾਂ ਦੇ ਲੜਾਕੂ ਕੁੱਤੇ ਰੱਖਣ ਦਾ ਰੁਝਾਨ ਵੀ ਕਾਫੀ ਪਾਇਆ ਜਾ ਰਿਹਾ ਸੀ ਅਤੇ ਸਰਦੇ ਪੁੱਜਦੇ ਘਰਾਂ ਦੇ ਕਾਕਿਆਂ ਵਿਚ ਤਾਂ ਕੁੱਤੇ ਲੜਾਉਣ ਦਾ ਸ਼ੌਕ ਵੀ ਪੈਦਾ ਹੋ ਗਿਆ ਸੀ। ਇਹ ਲੜਾਕੂ ਕੁੱਤੇ ਇੰਨੇ ਹੰਕਾਰ ਗਏ ਕਿ ਘਰਾਂ ਵਿੱਚ ਹੀ ਪਰਿਵਾਰਕ ਮੈਂਬਰਾਂ ਅਤੇ ਛੋਟੇ ਬੱਚਿਆਂ ਨੂੰ ਆਪਣਾ ਸ਼ਿਕਾਰ ਸਮਝਣ ਲੱਗ ਪਏ। ਇਹ ਸਭ ਕੁਝ ਵਾਪਰਨ ਤੇ ਇਨ੍ਹਾਂ ਖੂੰਖਾਰੂ ਕੁੱਤਿਆਂ ਨੂੰ ਬਹੁਤਿਆਂ ਨੇ ਤਾਂ ਔਹੜ-ਪੋਹੜ ਕਰਕੇ ਇੱਧਰ ਉੱਧਰ ਕਰ ਦਿੱਤਾ ਅਤੇ ਕੁਝ ਲੋਕ ਇਹੋ ਜਿਹੇ ਵੀ ਹਨ ਜੋ ਰਾਤ-ਬਰਾਤੇ ਆਪਣੇ ਪਿੰਡ ਤੋਂ ਕਾਫੀ ਦੂਰ ਸੁੰਨੀਆਂ ਥਾਵਾਂ ਤੇ ਛੱਡ ਆਏ। ਇਨ੍ਹਾਂ ਅਵਾਰਾਂ ਕੁੱਤਿਆਂ ਦੁਆਰਾ ਛੋਟੇ ਬੱਚਿਆਂ, ਬਜੁਰਗਾਂ ਅਤੇ ਆਮ ਨਾਗਰਿਕਾਂ ਨੂੰ ਨੋਚ ਕੇ ਖਾ ਜਾਣ ਦੀਆਂ ਦੁਖਦਾਈ ਘਟਨਾਵਾਂ ਪੜ੍ਹਨ-ਸੁਣਨ ਨੂੰ ਆਮ ਹੀ ਮਿਲਦੀਆਂ ਰਹਿੰਦੀਆਂ ਹਨ। ਮਾਸਖੋਰੇ ਇਹ ਕੁੱਤੇ ਹੱਡਾ ਰੋੜੀ, ਹੋਟਲ, ਢਾਬੇ ਅਤੇ ਮੈਰਿਜ ਪੈਲਸਾਂ ਨੇੜੇ ਰਹਿ ਕੇ ਵਧਦੇ-ਫੁਲਦੇ ਖੂੰਖਾਰੂ ਬਣ ਗਏ ਹਨ। ਹਨੇਰੇ ਸਵੇਰੇ ਇਕੱਲਾ ਮਨੁੱਖ ਇਨ੍ਹਾਂ ਦੀ ਮਾਰ ਤੋਂ ਬਚ ਨਹੀਂ ਸਕਦਾ। ਮੱਝਾਂ, ਗਾਵਾਂ, ਪਾਲਤੂ ਬੱਕਰੀਆਂ, ਭੇਡਾਂ ਵੀ ਇਨ੍ਹਾਂ ਦਾ ਸ਼ਿਕਾਰ ਹੋ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ 2018' ਚ ਇਕੱਠੇ ਕੀਤੇ ਗਏ ਅੰਕੜਿਆਂ ਅਨੁਸਾਰ 1.13 ਲੱਖ ਲੋਕਾਂ ਨੂੰ ਅਵਾਰਾ ਕੁੱਤਿਆਂ ਨੇ ਵੱਢਿਆ ਹੈ, ਜਦਕਿ 2017' ਚ ਇਹ ਅੰਕੜਾ 1.12 ਲੱਖ ਸੀ। ਇਨ੍ਹਾਂ ਲੋਕਾਂ ਵਿਚੋਂ 50 ਫੀਸਦੀ ਬੱਚੇ ਸਨ। ਇਹ ਸਿਰਫ ਉਹ ਮਾਮਲੇ ਹਨ, ਜਿਨ੍ਹਾਂ ਬਾਰੇ ਹਸਪਤਾਲਾਂ ਤੋਂ ਜਾਣਕਾਰੀ ਮਿਲੀ ਹੈ। ਮਾਹਿਰਾਂ ਅਨੁਸਾਰ ਅਸਲ ਅੰਕੜਾ ਇਸ ਤੋਂ ਵੀ ਵੱਡਾ ਹੋ ਸਕਦਾ ਹੈ। ਪੰਜਾਬ ਵਿੱਚ ਹਰ ਰੋਜ਼ ਅਵਾਰਾ ਕੁੱਤਿਆਂ ਵੱਲੋਂ ਕੱਟਣ ਦੇ ਤਿੰਨ ਸੌ ਮਾਮਲੇ ਸਾਹਮਣੇ ਆਉਂਦੇ ਹਨ। ਬੀਤੇ ਦੋ ਸਾਲਾਂ ਦੌਰਾਨ ਪੰਜਾਬ ਵਿੱਚ 2 ਲੱਖ ਤੋਂ ਵੱਧ ਵਿਅਕਤੀਆਂ ਨੂੰ ਕੁੱਤਿਆਂ ਨੇ ਕੱਟਿਆ ਹੈ। ਪੰਜਾਬ ਵਿੱਚ ਅਵਾਰਾ ਕੁੱਤਿਆਂ ਦੀ

---

** ** Not recorded as ordered by the chair.

ਗਿਣਤੀ ਪੰਜ ਲੱਖ ਤੋਂ ਉਪਰ ਦੱਸੀ ਜਾ ਰਹੀ ਹੈ। ਸਾਲ 2012 ਵਿੱਚ ਇਹ ਗਿਣਤੀ ਚਾਰ ਲੱਖ ਸਤੱਤਰ ਹਜ਼ਾਰ ਸੀ। ਆਰ.ਟੀ.ਆਈ. ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ 2017 ਵਿੱਚ ਅਵਾਰਾ ਕੁੱਤਿਆਂ ਦੀ ਪੰਜ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਦਹਿਸ਼ਤ ਰਹੀ ਹੈ। ਲੁਧਿਆਣਾ ਵਿੱਚ 13000, ਪਟਿਆਲਾ ਵਿੱਚ 9700, ਜਲੰਧਰ ਵਿੱਚ 8100, ਹੁਸ਼ਿਆਰਪੁਰ ਵਿੱਚ 9700 ਤੇ ਕਪੂਰਥਲਾ ਵਿੱਚ 6700 ਵਿਅਕਤੀ ਅਵਾਰਾ ਕੁੱਤਿਆਂ ਦਾ ਸ਼ਿਕਾਰ ਹੋਏ ਹਨ। ਸਾਲ 2016 ਵਿੱਚ ਅੰਮ੍ਰਿਤਸਰ ਵਿੱਚ 12000, ਮੁਹਾਲੀ ਵਿੱਚ 11000, ਲੁਧਿਆਣਾ ਵਿੱਚ 10771, ਗੁਰਦਾਸਪੁਰ ਵਿੱਚ 10252 ਤੇ ਜਲੰਧਰ ਵਿੱਚ 8000 ਵਿਅਕਤੀਆਂ ਨੂੰ ਅਵਾਰਾ ਕੁੱਤਿਆਂ ਨੇ ਕੱਟਿਆ, 2016 ਦੌਰਾਨ ਫਤਹਿਗੜ੍ਹ ਸਾਹਿਬ ਵਿੱਚ ਕੁੱਤਿਆਂ ਦੇ ਕੱਟਣ ਦੇ ਕੇਸਾਂ ਵਿੱਚ ਵਾਧਾ ਹੋਇਆ ਸੀ। ਬਰਨਾਲਾ ਵਿੱਚ ਸਾਲ 2016 ਦੇ ਮੁਕਾਬਲੇ ਅਗਲੇ ਸਾਲ ਪੰਜ ਗੁਣਾਂ ਕੇਸ ਵਧੇ ਤੇ ਸਾਲ 2016 ਵਿੱਚ 610 ਕੇਸਾਂ ਦੀ ਗਿਣਤੀ ਅਗਲੇ ਸਾਲ ਵਿੱਚ 3250 ਹੋ ਗਈ। ਹਰ ਕੁੱਤੇ ਦੀ ਨਸਲ ਨੂੰ ਰਹਿਣ ਲਈ ਵਿਸ਼ੇਸ਼ ਜੀਵ ਵਿਗਿਆਨਕ ਅਤੇ ਮੌਸਮੀ ਲੋੜਾਂ ਹੁੰਦੀਆਂ ਹਨ। ਜਦੋਂ ਉਹ ਲੋੜੀਂਦੀਆਂ ਸ਼ਰਤਾਂ ਪ੍ਰਾਪਤ ਨਹੀਂ ਕਰ ਸਕਦੇ ਤਾਂ ਖਤਰਨਾਕ ਬਣ ਜਾਂਦੇ ਹਨ। ਰਿਹਾਇਸ਼ੀ ਖੇਤਰਾਂ ਵਿੱਚ ਘਰਾਂ ਨੂੰ ਚੈੱਕ ਕਰਨ ਲਈ ਸਰਕਾਰੀ ਛਾਪੇ ਮਾਰਨ ਦੀ ਜ਼ਰੂਰਤ ਹੈ ਕਿਉਂਕਿ ਕੁਝ ਲੋਕ ਸ਼ਿਕਾਰੀ ਕੁੱਤੇ ਜਿਵੇਂ pit bull ਆਦਿ ਨੂੰ ਪਾਲਤੂ ਜਾਨਵਰ ਰੱਖ ਲੈਂਦੇ ਹਨ। ਇਹ ਆਂਢ ਗੁਆਂਢ ਦੇ ਬੱਚਿਆਂ ਤੇ ਬਜ਼ੁਰਗਾਂ ਲਈ ਖਤਰਾ ਹਨ। ਅਜਿਹੇ ਘਰਾਂ ਨੂੰ ਰਿਪੋਰਟ ਕਰਨ ਲਈ ਇਕ ਰਾਜ ਵਿਆਪੀ ਹੈਲਪਲਾਈਨ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਅਤੇ ਡਿਫਾਲਟਰਾਂ ਵਿਰੁੱਧ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਪਸ਼ੂ ਪਾਲਣ ਮੰਤਰੀ** (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ): ਸਪੀਕਰ ਸਾਹਿਬ, ਇਹ ਜਿਹੜਾ ਕਾਲ ਅਟੈਂਸ਼ਨ ਮੋਸ਼ਨ ਰਾਹੀਂ ਮੁੱਦਾ ਉਠਾਇਆ ਗਿਆ ਹੈ, ਇਹ ਬੜਾ ਗੰਭੀਰ ਹੈ ਅਤੇ ਸਾਰਿਆਂ ਦਾ ਕਨਸਰਨ ਹੈ। ਜੋ ਬੀਬੀ ਜੀ ਨੇ ਫਿਗਰਜ਼ ਦੱਸੀਆਂ ਹਨ, ਇਹ ਸਾਰੀਆਂ ਕੁਰੈਕਟ ਹਨ। ਇਸ ਵਿੱਚ ਹੈਲਥ ਡਿਪਾਰਟਮੈਂਟ, ਲੋਕਲ ਬਾਡੀਜ਼ ਡਿਪਾਰਟਮੈਂਟ ਅਤੇ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਨੇ ਰਲ ਕੇ ਆਪਰੇਸ਼ਨ ਕਰਨਾ ਹੁੰਦਾ ਹੈ ਪਰ ਕੁਝ ਮਜ਼ਬੂਰੀਆਂ ਵੀ ਹਨ। ਸੈਂਟਰ ਸਰਕਾਰ ਦੀ ਕਿਸੇ ਲੇਡੀ ਮਨਿਸਟਰ ਦੇ ਮਹਿਕਮੇ ਨੇ ਕੁਝ ਅਜਿਹੇ ਕਾਨੂੰਨ ਪਾਸ ਕਰ ਦਿੱਤੇ ਸਨ ਜਿਸ ਨਾਲ ਸਾਡੇ ਅਫਸਰ ਐਕਸ਼ਨ ਲੈਣ ਤੋਂ ਡਰੇ ਹਨ। ਸਪੀਕਰ ਸਾਹਿਬ, ਕਾਨਪੁਰ ਦੀ ਆਈ.ਟੀ.ਆਈ. ਵਿੱਚ ਦੋ ਅਵਾਰਾ ਕੁੱਤੇ ਕਿਸੇ ਨੂੰ ਵੱਢ ਲੈਂਦੇ ਸਨ, ਉਨ੍ਹਾਂ ਨੂੰ ਆਈ.ਟੀ.ਆਈ. ਵਾਲਿਆਂ ਨੇ ਫੜ ਕੇ ਬਾਹਰ ਛੱਡ ਦਿੱਤਾ, ਪਰ ਜਦੋਂ ਫੜਨ ਲੱਗੇ ਸੀ, ਉਸ ਵੇਲੇ ਕੁੱਤੇ ਜਖਮੀ ਹੋ ਗਏ ਸਨ ਜਿਸ ਕਾਰਨ ਸੈਂਟਰ ਸਰਕਾਰ ਵਲੋਂ ਹੁਕਮ ਆਇਆ ਕਿ ਜਿਨ੍ਹਾਂ ਮੁਲਾਜ਼ਮਾਂ ਨੇ ਕੁੱਤੇ ਫੜ ਕੇ ਬਾਹਰ ਕੱਢੇ ਹਨ, ਉਨ੍ਹਾਂ ਖਿਲਾਫ ਐਕਸ਼ਨ ਲਿਆ ਜਾਵੇ। ਇਨ੍ਹਾਂ ਹਾਲਤਾਂ ਵਿੱਚ ਮੁਲਾਜ਼ਮ ਡਰਦੇ ਹਨ। ਪੰਜਾਬ ਸਰਕਾਰ ਨੇ ਹਲਕਾਏ ਹੋਏ ਅਵਾਰਾ ਕੁੱਤਿਆਂ ਨੂੰ ਮਾਰਨ ਵਾਸਤੇ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਸੈਂਟਰ ਸਰਕਾਰ ਨੇ ਉਹ ਵੀ ਰਿਜੈਕਟ ਕਰ ਦਿੱਤੀ। ਇਹ ਪ੍ਰਾਬਲਮ ਹੈ ਅਤੇ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਸਰਕਾਰ ਕੋਸ਼ਿਸ਼ ਕਰ ਰਹੀ ਹੈ ਅਤੇ 60,000 ਕੁੱਤਿਆਂ ਦੇ ਆਪਰੇਸ਼ਨ ਕੀਤੇ ਵੀ ਹਨ ਪਰ ਇਹ ਬਹੁਤ ਵੱਡਾ ਕੰਮ ਹੈ। ਅਸੀਂ ਯਕੀਨ ਦਿਵਾਉਂਦੇ ਹਾਂ ਕਿ ਸਾਰੇ ਡਿਪਾਰਟਮੈਂਟ ਰਲ ਕੇ, ਸੁਸਾਇਟੀ ਦੇ ਐਨ.ਜੀ.ਓਜ਼ ਰਲ ਕੇ ਇਸ ਵਾਸਤੇ ਹੱਲ ਕਰਨਗੇ। ਇਹ ਸਮੇਂ ਦੀ ਮੰਗ ਹੈ ਅਤੇ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਛੇਤੀ ਹੀ ਇਸ ਬਾਰੇ ਐਕਸ਼ਨ ਲਿਆ ਜਾਵੇਗਾ।

**ਸ਼੍ਰੀ ਅਮਨ ਅਰੋੜਾ** : ਸਰ, ਵੈਸੇ ਤਾਂ ਵੱਡੀ ਭੈਣ ਮਾਣੂਕੇ ਜੀ ਨੇ ਅਤੇ ਮੰਤਰੀ ਜੀ ਨੇ ਬੜੇ ਵਿਸਥਾਰ ਨਾਲ ਇਸ ਬਾਰੇ seriousness show ਕੀਤੀ ਹੈ। ਇਹ ਮਸਲਾ ਦਿਨ ਪ੍ਰਤੀ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਬਾਰੇ seriousness show ਕੀਤੀ ਹੈ। ਸਰ, ਮੇਰੇ ਕੋਲ ਇਹ ਇਕ ਫੋਟੋ ਹੈ (ਅਖਬਾਰ ਦੀ ਕਟਿੰਗ ਹਾਊਸ ਨੂੰ

ਦਿਖਾਉਂਦੇ ਹੋਏ) ਜਿਸ ਨੂੰ ਦੇਖ ਕੇ ਦਿਲ ਕੰਬ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸੈਂਟਰ ਦੇ ਜਿਸ ਵਜ਼ੀਰ ਦਾ ਰੈਂਫਰੈਂਸ ਮੰਤਰੀ ਜੀ ਨੇ ਦਿੱਤਾ ਹੈ, ਵੱਲੋਂ ਇਸ ਤਰ੍ਹਾਂ ਦੇ ਕਾਨੂੰਨ ਬਣਾਉਣ ਕਾਰਨ ਹੀ ਇਹ ਬਿਮਾਰੀ ਵਧਦੀ ਜਾ ਰਹੀ ਹੈ। ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ end of the day ਪੰਜਾਬ ਵਿੱਚ daily 300 dog bites ਹੋ ਰਹੀਆਂ ਹਨ। ਸਪੀਕਰ ਸਾਹਿਬ ਹੁਣ ਤਾਂ ਉਹ ਕੇਂਦਰ ਵਿੱਚ ਮੰਤਰੀ ਵੀ ਨਹੀਂ ਹਨ। ਮੈਂ ਇਹ ਵੀ ਕਦੇ ਦੇਖਿਆ-ਸੁਣਿਆ ਨਹੀਂ ਹੈ ਕਿ ਪੰਜਾਬ ਸਰਕਾਰ ਨੇ ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਜਾਂ rectification ਕਰਾਉਣ ਦੀ ਸੈਂਟਰ ਗੌਰਮਿੰਟ ਕੋਲ ਕੋਈ ਕੋਸ਼ਿਸ਼ ਕੀਤੀ ਹੋਵੇ। ਤੁਸੀਂ ਆਪ ਪੰਜਾਬ ਵਿਧਾਨ ਸਭਾ ਵਿੱਚ ਇਸ ਸਬੰਧੀ ਬਿਲ ਲਿਆਓ, ਜੇ ਆਪਾਂ ਨੂੰ ਪ੍ਰਾਬਲਮ ਆ ਰਹੀ ਹੈ, ਆਪਾਂ atleast ਇਸ ਤੇ ਯੂਨੈਨੀਮਸਲੀ ਕੰਮ ਕਰ ਲਵਾਂਗੇ। ਪਿਛਲੀ ਵਾਰ ਸੈਸ਼ਨ ਵਿੱਚ ਵੀ ਇਹ ਮਸਲਾ ਉੱਠਿਆ ਸੀ। Basically Rural Development Deptt., Animal Husbandry Deptt. and Local Bodies Deptt. ਵਿੱਚ ਇਹ ਜਿਹੜੀ passing on buck ਹੋ ਜਾਂਦੀ ਹੈ, ਸੀ.ਐਮ. ਸਾਹਿਬ ਬੈਠੇ ਹਨ, ਮੇਰੀ ਇਨ੍ਹਾਂ ਨੂੰ ਦਰਖਾਸਤ ਹੈ ਕਿ ਇਸ ਬਾਰੇ ਤਿੰਨ ਡਿਪਾਰਟਮੈਂਟਾਂ ਦੇ ਮਨਿਸਟਰਜ਼ ਦੀ ਕੋਈ ਸਬ ਕਮੇਟੀ ਬਣਾ ਦਿਓ ਤਾਂ ਕਿ ਜੁਆਇੰਟ ਐਕਸ਼ਨ ਹੋ ਸਕੇ। ਜਦੋਂ ਤੱਕ ਆਪਾਂ ਕੋਈ ਪੱਕਾ ਹੱਲ ਨਹੀਂ ਕੱਢਦੇ ਉਦੋਂ ਤੱਕ ਇਸ ਬਾਰੇ ਕੋਈ ਨਾ ਕੋਈ ਕੋਸ਼ਿਸ਼ ਕਰ ਲਈ ਜਾਵੇ। ਜਿਵੇਂ ਮੇਰੀ ਭੈਣ ਨੇ ਦੱਸਿਆ ਹੈ ਕਿ ਸਾਲ 2016 ਵਿੱਚ 54,000 stray dogs ਸਨ ਜੋ ਵਧ ਕੇ ਸਾਲ 2018 ਵਿੱਚ 1,13,000 ਹੋ ਚੁੱਕੇ ਹਨ। ਠੀਕ ਹੈ ਕਿ sterilization ਨਾਲ ਗਿਣਤੀ ਨਹੀਂ ਵਧੇਗੀ ਪਰ ਜਿਹੜੀਆਂ bites ਹੋ ਰਹੀਆਂ ਹਨ, ਉਹ ਦਿਲ ਕੰਬਾਉਣ ਵਾਲੀਆਂ ਹਨ। ਅਸੀਂ ਸੀ.ਐਮ. ਸਾਹਿਬ ਅਤੇ ਮੰਤਰੀ ਜੀ ਨੂੰ ਬੇਨਤੀ ਕਰਾਂਗੇ ਕਿ ਇਸ ਵਾਸਤੇ ਕੋਈ ਨਾ ਕੋਈ ਪੁਖਤਾ ਕਦਮ ਚੁੱਕਿਆ ਜਾਵੇ। ਜੇਕਰ ਮੈਂ Animal Birth Control (Dogs) Rule, 2001 ਦੀ ਗੱਲ ਕਰਾਂ ਤਾਂ it very clearly states that every district has to look after the population control and sterilization of stray dogs ਪਰ ਮੈਂ ਅਜਿਹਾ ਹੁੰਦਾ ਕਦੇ ਨਹੀਂ ਦੇਖਿਆ ਅਤੇ ਆਪਣੇ ਜ਼ਿਲ੍ਹੇ ਵਿੱਚ ਤਾਂ ਕਦੇ ਨਹੀਂ ਦੇਖਿਆ। ਮੰਤਰੀ ਜੀ, dog bites ਨਿਰੰਤਰ ਚੱਲ ਰਹੀਆਂ ਹਨ ਅਤੇ ਇਸ ਬਾਰੇ ਸਰਕਾਰ ਨੂੰ ਥੋੜ੍ਹਾ ਜਿਹਾ ਹੋਰ ਸੀਰੀਅਸ ਹੋਣ ਦੀ ਲੋੜ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ। ਸਰ, ਮੰਨਿਆ ਕਿ ਸੈਂਟਰ ਸਰਕਾਰ ਦੇ ਹੁਕਮਾਂ ਅਨੁਸਾਰ ਆਪਾਂ ਅਵਾਰਾ ਕੁੱਤਿਆਂ ਦੇ ਅਗੇਂਸਟ ਕੁਝ ਨਹੀਂ ਕਰ ਸਕਦੇ ਪਰ ਆਪਾਂ ਜਿਹੜਾ ਕੁਝ ਇਸ ਸਬੰਧ ਵਿੱਚ ਕਰ ਸਕਦੇ ਹਾਂ ਉਹ ਇਹ ਹੈ ਮਾਨਯੋਗ ਅਦਾਲਤ ਨੇ ਕਿਹਾ ਹੈ ਕਿ ਪਿਟ ਬੁੱਲ ਅਤੇ ਪਾਕਿਸਤਾਨੀ ਬੁੱਲੀ ਕਿਸਮ ਦੇ ਕੁੱਤੇ ਘਰਾਂ ਵਿੱਚ ਨਹੀਂ ਰੱਖਣੇ। ਇਸ ਦੇ ਬਾਵਜੂਦ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਕਿਸਮਾਂ ਦੇ ਕੁੱਤੇ ਘਰਾਂ ਵਿੱਚ ਰੱਖੇ ਹੋਏ ਹਨ, ਆਪਾਂ ਉਨ੍ਹਾਂ ਖਿਲਾਫ ਇਮੀਜੀਏਟਲੀ ਐਕਸ਼ਨ ਲੈ ਸਕਦੇ ਹਾਂ। ਜਿਨ੍ਹਾਂ ਨੇ ਅਜਿਹੇ ਕੁੱਤੇ ਘਰਾਂ ਵਿੱਚ ਰੱਖੇ ਹੋਏ ਹਨ, ਆਪਾਂ ਉਨ੍ਹਾਂ ਦੇ ਮਾਲਕਾਂ ਦੇ ਖਿਲਾਫ ਪਰਚਾ ਦਰਜ ਕਰਵਾ ਸਕਦੇ ਹਾਂ। ਦੂਜੀ ਗੱਲ ਹੈ ਕਿ ਜਿਸ ਮਾਲਕ ਦੇ ਕੁੱਤੇ ਨੇ ਕਿਸੇ ਵਿਅਕਤੀ ਨੂੰ ਵੱਢਿਆ ਹੈ, ਆਪਾਂ ਉਸ ਕੁੱਤੇ ਦੇ ਮਾਲਕ ਨੂੰ ਹਰਜਾਨਾ ਪਾ ਸਕਦੇ ਹਾਂ ਅਤੇ ਤੀਜੀ ਗੱਲ ਜੋ ਮੈਂ ਹੋਰ ਦੱਸਣਾ ਚਾਹੁੰਦੀ ਹਾਂ ਕਿ ਜਿਹੜੇ ਲੋਕ ਕੁੱਤਿਆਂ ਦੀਆਂ ਡੌਂਡ ਫਾਈਟਸ ਕਰਵਾਉਂਦੇ ਹਨ, ਉਹ ਲੋਕ ਕੁੱਤਿਆਂ ਨੂੰ ਅਲੱਗ ਅਲੱਗ ਤਰ੍ਹਾਂ ਦੇ ਨਸ਼ੇ ਕਰਵਾ ਕੇ ਉਦੋਂ ਤੱਕ ਲੜਵਾਉਂਦੇ ਰਹਿੰਦੇ ਹਨ, ਜਦੋਂ ਤੱਕ ਇੱਕ ਕੁੱਤਾ ਮਰ ਨਹੀਂ ਜਾਂਦਾ ਜਾਂ ਇੱਕ ਕੁੱਤਾ ਦੂਸਰੇ ਕੁੱਤੇ ਨੂੰ ਮਾਰ ਨਹੀਂ ਦਿੰਦਾ। ਆਪਾਂ ਇਹ ਗੱਲਾਂ ਤਾਂ ਬੰਦ ਕਰਵਾ ਸਕਦੇ ਹਾਂ?

ਸਪੀਕਰ ਸਾਹਿਬ, ਮੈਂ ਇੱਕ ਲਾਸਟ ਗੱਲ ਤੁਹਾਡੇ ਮਾਰਫ਼ਤ ਕਹਿਣਾ ਚਾਹੁੰਦੀ ਹਾਂ ਕਿ ਜਿਹੜੇ ਸਿੰਗਰ ਇਹੋ ਜਿਹੇ ਗਾਣੇ ਗਾਉਂਦੇ ਹਨ- "ਚਾਰ ਚਾਰ ਪਿੱਟ ਬੁੱਲ ਰੱਖੇ ਨੇ, ਫਾਈਟ ਕਰਵਾਉਣ ਨੂੰ" ਮੇਰੀ ਬੇਨਤੀ ਹੈ ਕਿ ਇਹੋ ਜਿਹੇ

ਗਾਣੇ ਗਾਉਣ ਵਾਲੇ ਸਿੰਗਰਾਂ ਦੇ ਖਿਲਾਫ ਐਕਸ਼ਨ ਲਵੋ ਕਿ ਕਿਹੜੀ ਫਾਈਟ ਕਰਵਾਉਣ ਦੇ ਗਾਣੇ ਗਾ ਰਹੇ ਹੋ? ਪੰਜਾਬ ਤਾਂ ਸਾਡਾ ਵੈਸੇ ਹੀ ਮਰਨ ਨੂੰ ਤਿਆਰ ਹੋਇਆ ਪਿਆ ਹੈ। ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਤੁਸੀਂ ਕਿਹੋ ਜਿਹੇ ਗਾਣੇ ਗਾ ਰਹੇ ਹੋ? ਸਪੀਕਰ ਸਾਹਿਬ ਆਪਾਂ ਇਹ ਕੰਮ ਤਾਂ ਕਰ ਸਕਦੇ ਹਾਂ? ਬਾਕੀ ਸਾਨੂੰ ਅਵੇਅਰ ਹੋਣ ਦੀ ਲੋੜ ਹੈ। ਇਹ ਮੰਨਿਆ ਕਿ ਅਸੀਂ ਸੈਂਟਰ ਸਰਕਾਰ ਤੋਂ ਇਸ ਸਬੰਧ ਵਿੱਚ ਕੁਝ ਪਰਮਿਸ਼ਨਜ਼ ਲੈਣੀਆਂ ਹਨ ਅਤੇ ਉਨ੍ਹਾਂ ਨੂੰ ਕੁਝ ਟਾਈਮ ਲੱਗੇਗਾ ਪਰ ਜਿਹੜੀਆਂ ਚੀਜ਼ਾਂ ਆਪਾਂ ਇਮੀਜੀਏਟਲੀ ਕਰ ਸਕਦੇ ਹਾਂ ਜਿਵੇਂ ਜਿਹੜੇ ਸਿੰਗਰ ਇਹੋ ਜਿਹੇ ਘਟੀਆ ਗਾਣੇ ਗਾ ਕੇ ਸਾਡੇ ਬੱਚਿਆਂ ਨੂੰ ਇਸ ਤਰ੍ਹਾਂ ਦੇ ਜਾਨਵਰ ਰੱਖਣ ਨੂੰ ਪਰਮੋਟ ਕਰਦੇ ਹਨ। ਦੂਜੀ ਗੱਲ, ਜਿਹੜੇ ਘਰਾਂ ਵਿੱਚ ਪਿੱਟ ਬੁੱਲ ਰੱਖਦੇ ਹਨ ਅਤੇ ਤੀਜੀ ਗੱਲ, ਜਿਹੜਾ ਮਾਲਕ ਸਵੇਰੇ ਸਵੇਰੇ ਆਪਣੇ ਸ਼ੌਂਕ ਨੂੰ ਕੁੱਤਾ ਨਾਲ ਲੈ ਕੇ ਜਾਂਦਾ ਹੈ, ਉਸ ਕੁੱਤੇ ਦਾ ਮਾਲਕ ਤਾਂ ਆਪਣੇ ਘਰ ਸੇਫ ਵਾਪਸ ਆ ਜਾਂਦਾ ਹੈ ਪ੍ਰੰਤੂ ਉਸ ਦੇ ਗੁਆਂਢੀ ਦਾ ਬੱਚਾ ਕੁੱਤੇ ਦੇ ਵੱਢਣ ਕਾਰਨ ਜਖਮੀ ਹੋਇਆ ਪਿਆ ਹੁੰਦਾ ਹੈ। ਇਹੋ ਜਿਹੀਆਂ ਘਟਨਾਵਾਂ ਕਾਰਨ ਅਜਿਹੇ ਮਾਲਕਾਂ ਖਿਲਾਫ ਇਮੀਜੀਏਟ ਐਕਸ਼ਨ ਲਿਆ ਜਾਵੇ। ਮੈਂ ਚਾਹੁੰਦੀ ਹਾਂ ਕਿ ਸਾਰੇ ਜਣੇ ਇਕੱਠੇ ਹੋ ਕੇ ਇਨ੍ਹਾਂ ਗੱਲਾਂ ਖਿਲਾਫ ਇੱਕ ਮਤਾ ਪਾਸ ਕਰੀਏ ਤਾਂ ਕਿ ਕਿਸੇ ਦਾ ਬੱਚਾ ਬਚ ਸਕੇ। ਮੈਂ ਦੱਸਣਾ ਚਾਹੁੰਦੀ ਹਾਂ ਕਿ ਪਿਛੇ ਜਿਹੇ ਇੱਕ ਫੌਜੀ ਨੌਜਵਾਨ ਨੂੰ ਵੀ ਕੁੱਤਿਆਂ ਨੇ ਵੱਢ ਕੇ ਖਾ ਲਿਆ ਜਦ ਕਿ ਫੌਜੀ ਬਹੁਤ ਹੈਲਦੀ ਹੁੰਦੇ ਹਨ ਅਤੇ ਉਹ ਆਪਣੇ ਆਪ ਨੂੰ ਅਰਾਮ ਨਾਲ ਬਚਾ ਸਕਦੇ ਹੁੰਦੇ ਹਨ। ਫਿਰ ਆਮ ਬੰਦੇ ਤੇ ਬੱਚੇ ਕਿਵੇਂ ਬਚਣਗੇ? ਅੱਜਕੱਲ੍ਹ ਦੇ ਪੜ੍ਹੇ ਲਿਖੇ ਸਮਾਜ ਵਿੱਚ ਸਾਡੇ ਬੱਚਿਆਂ ਨੂੰ ਕੁੱਤੇ ਵੱਢ ਵੱਢ ਕੇ ਖਾ ਰਹੇ ਹਨ, ਅਸੀਂ ਬਾਕੀ ਸਮਾਜ ਦੀ ਕੀ ਗੱਲ ਕਰਾਂਗੇ? ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ।

**ਪਸ਼ੂ ਪਾਲਣ ਮੰਤਰੀ :** ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਭੈਣ ਜੀ ਨੇ ਆਖੀਆਂ ਹਨ, ਜਿਹੜੇ ਪਾਲਤੂ ਕੁੱਤੇ ਹਨ, ਉਨ੍ਹਾਂ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਸੀ.ਐਮ. ਸਾਹਿਬ ਨਾਲ ਸਲਾਹ ਕਰਕੇ ਇਸ ਸਬੰਧ ਵਿੱਚ ਕੋਈ ਕਮੇਟੀ ਬਣਾਈ ਜਾ ਸਕਦੀ ਹੈ। ਮੈਂ ਤੁਹਾਡੇ ਕੋਲੋਂ ਵੀ ਸੁਜੈਸ਼ਨਜ਼ ਚਾਹਵਾਂਗਾ ਕਿ ਤੁਸੀਂ ਜੇ ਕੋਈ ਪਾਜੇਟਿਵ ਸੁਜੈਸ਼ਨਜ਼ ਦੇ ਦੇਵੋਗੇ ਤਾਂ ਉਨ੍ਹਾਂ ਮੁਤਾਬਕ ਅਸੀਂ ਕੰਮ ਕਰਨ ਨੂੰ ਤਿਆਰ ਹਾਂ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਕੁਝ ਦਿਨ ਪਹਿਲਾਂ ਅਸੀਂ ਇਸ ਸਬੰਧ ਵਿੱਚ ਇੱਕ ਮੀਟਿੰਗ ਵੀ ਕੀਤੀ ਸੀ। ਜੋ ਅੰਕੜੇ ਮਿਲੇ ਹਨ ਉਨ੍ਹਾਂ ਮੁਤਾਬਿਕ ਪੰਜਾਬ ਵਿੱਚ ਤਕਰੀਬਨ ਚਾਰ ਲੱਖ ਪੱਚੀ ਹਜ਼ਾਰ stray dogs ਹਨ। ਮੈਂ ਪਾਲਤੂ ਕੁੱਤਿਆਂ ਦੀ ਗੱਲ ਨਹੀਂ ਕਰ ਰਿਹਾ। ਇੱਕ ਸਾਲ ਦੇ ਵਿੱਚ ਇੱਕ ਲੱਖ ਪੱਚੀ ਹਜ਼ਾਰ ਡਾਗ ਬਾਈਟਸ ਹੋਈਆਂ ਹਨ। ਅਸੀਂ with the object ਗੱਲ ਕੀਤੀ ਸੀ, ਵੱਢੇ ਜਾ ਚੁੱਕੇ ਵਿਅਕਤੀਆਂ ਦਾ ਟਰੀਟਮੈਂਟ, ਐਂਟੀ ਰੈਬੀਜ ਇੰਜੈਕਸ਼ਨਜ਼ ਅਤੇ ਕੁੱਤਿਆਂ ਦੀ ਸਟਰੀਲਾਈਜੇਸ਼ਨ ਬਾਰੇ ਵੀ ਗੱਲ ਕੀਤੀ ਸੀ।ਸਟਰੀਲਾਈਜੇਸ਼ਨ ਦਾ ਕੰਮ ਕਈ ਜਗ੍ਹਾ ਤੇ ਸ਼ੁਰੂ ਹੋ ਗਿਆ ਹੈ ਅਤੇ ਕਈ ਥਾਵਾਂ ਤੇ ਅਸੀਂ ਐਕਸਪੇਡਾਈਟ ਕਰਾਂਗੇ, this is taken into account. ਜੋ ਬੀਬੀ ਜੀ ਨੇ ਕਿਹਾ ਹੈ, it is right. ਹੁਣ ਇਨ੍ਹਾਂ ਵਿੱਚ wild instinct ਆਉਣ ਲੱਗ ਪਈ ਹੈ, 7-8 ਜਾਂ 8-9 ਕੁੱਤਿਆਂ ਦੇ ਝੁੰਡ ਬਣਨ ਲੱਗ ਪਏ ਹਨ ਜੋ ਲੋਕਾਂ 'ਤੇ ਅਤੇ ਖਾਸ ਕਰਕੇ ਬੱਚਿਆਂ 'ਤੇ ਅਟੈਕ ਕਰਦੇ ਹਨ। Full grown ਲੋਕਾਂ ਨੂੰ ਮਾਰ ਦਿੱਤਾ ਗਿਆ ਹੈ। This is something very serious for Punjab. ਅਸੀਂ ਇਸ ਨੂੰ ਪੂਰੀ ਪ੍ਰੀਆਰਟੀ ਤੇ ਐਕਸਪੇਡਾਈਟ ਕਰਕੇ ਸਟਰੇਲਾਈਜੇਸ਼ਨ ਪ੍ਰੋਸੈਸ ਹੁਣ ਲਾਗੂ ਕਰਨ ਲੱਗੇ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰਜ਼ ਬੋਲਣ ਲਈ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਵੀ ਬੋਲਣ ਲਈ ਆਪਣੀ ਸੀਟ ਤੇ ਖੜ੍ਹੇ ਸਨ।)

**ਮਾਨਯੋਗ ਸਪੀਕਰ:** ਹੁਣ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਹੋਵੇਗੀ। (ਵਿਘਨ)(ਸ਼ੋਰ) ਦੇਖੋ, ਕਾਲ ਅਟੈਂਨਸ਼ਨ ਉਨ੍ਹਾਂ ਦੀ ਸੀ, ਉਹ ਸਪਲੀਮੈਂਟਰੀ ਤੇ ਬੋਲ ਸਕਦੇ ਸੀ। ਹਾਂ ਜੀ, ਸਿੱਧੂ ਸਾਹਿਬ, ਦੱਸੋ ਕੀ ਕਹਿਣਾ ਹੈ?

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਇਹ ਮਹਿਕਮਾ ਪਹਿਲਾਂ ਮੇਰੇ ਕੋਲ ਵੀ ਰਿਹਾ ਹੈ। ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਡੀ ਪ੍ਰਾਬਲਮ ਹੱਡਾ ਰੋੜੀਆਂ ਤੇ ਰਹਿਣ ਵਾਲੇ ਕੁੱਤਿਆਂ ਦੀ ਹੈ। ਜੋ ਕੁੱਤੇ ਹੱਡਾ ਰੋੜੀਆਂ ਤੇ ਰਹਿੰਦੇ ਹਨ, ਉਹ ਵੱਢਣ ਲੱਗ ਜਾਂਦੇ ਹਨ। ਇਸ ਪ੍ਰਾਬਲਮ ਨੂੰ ਕੰਟਰੋਲ ਕਰਨ ਲਈ ਬਲਾਕ ਲੈਵਲ ਅਤੇ ਜ਼ਿਲ੍ਹਾ ਲੈਵਲ ਤੇ ਕੋਈ ਸਿਸਟਮ ਬਣਾਇਆ ਜਾਵੇ। ਅੱਜ ਕੱਲ੍ਹ ਪਸ਼ੂ ਚੁੱਕਣੇ ਬੜੇ ਮੁਸ਼ਕਲ ਹੋਏ ਪਏ ਹਨ, ਜੇਕਰ ਆਪਾਂ ਹੱਡਾ ਰੋੜੀਆਂ ਨੂੰ ਬਿਜਲੀ ਉਪਕਰਨਾਂ ਨਾਲ ਚੱਲਣ ਵਾਲੀਆਂ ਬਣਾ ਦੇਈਏ ਤਾਂ ਇਹ ਪ੍ਰਾਬਲਮ ਸਾਲਵ ਹੋ ਸਕਦੀ ਹੈ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...

**ਮਾਨਯੋਗ ਸਪੀਕਰ:** ਅਮਨ ਜੀ, ਕਾਲ ਅਟੈਨਸ਼ਨ 'ਤੇ ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ ਜੀ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਅਸੀਂ ਇੱਕ ਐਡਜਰਨਮੈਂਟ ਮੋਸ਼ਨ ਮੂਵ ਕੀਤਾ ਸੀ...

**ਮਾਨਯੋਗ ਸਪੀਕਰ:** ਉਹ ਰਿਜੈਕਟ ਹੋ ਗਿਆ ਹੈ ਜੀ।

**ਸ਼੍ਰੀ ਅਮਨ ਅਰੋੜਾ:** ਇਸ ਦੇ ਰਿਜੈਕਟ ਹੋਣ ਦਾ ਕਾਰਨ ਤਾਂ ਦੱਸ ਦਿਉ ਜੀ?

**ਮਾਨਯੋਗ ਸਪੀਕਰ:** ਅਮਨ ਜੀ, ਇਸ ਸਬੰਧ ਵਿੱਚ ਤੁਹਾਨੂੰ ਲਿਖ ਕੇ ਭੇਜ ਦਿੱਤਾ ਹੈ ਜੀ।(ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਸ਼ੋਰ ਸੀ।)

---

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ:** ਮੈਂ ਹੁਣ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ, ਜੋ ਇਸ ਪ੍ਰਕਾਰ ਹੈ:

ਆਰਜ਼ੀ ਮਿਤੀ-ਵਾਰ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ, ਕਮੇਟੀ ਨੇ ਸਿਫ਼ਾਰਸ਼ ਕੀਤੀ ਕਿ ਮਿਤੀ 3.8.2019 ਤੋਂ 6.8.2019 ਦੀਆਂ ਬੈਠਕਾਂ ਦੇ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇ:-

| | |
|---|---|
| ਸ਼ਨਿੱਚਰਵਾਰ, 3 ਅਗਸਤ, 2019<br>ਐਤਵਾਰ, 4 ਅਗਸਤ, 2019 | ਛੁੱਟੀਆਂ |
| ਸੋਮਵਾਰ, 5 ਅਗਸਤ, 2019<br>(11.00 ਵਜੇ ਸਵੇਰੇ) | ਵਿਧਾਨਕ ਕੰਮ-ਕਾਰ |
| ਮੰਗਲਵਾਰ, 6 ਅਗਸਤ, 2019<br>(10.00 ਵਜੇ ਸਵੇਰੇ) | i) ਵਿਧਾਨਕ ਕੰਮ-ਕਾਰ ਜੇਕਰ ਕੋਈ ਹੋਵੇ; ਅਤੇ<br>ii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

(ਇਸ ਸਮੇਂ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਕੰਮ ਰੋਕੂ ਪ੍ਰਸਤਾਵ ਮਨਜ਼ੂਰ ਨਾ ਕਰਨ ਦੇ ਰੋਸ ਵਜੋਂ ****ਨਾਅਰੇ ਮਾਰਦੇ ਹੋਏ ਵੈਲ ਆਫ ਦਿ ਹਾਊਸ ਵਿਚ ਆ ਗਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

---

## PRESENTATION OF REPORTS OF THE COMMITTEE

**ਮਾਨਯੋਗ ਸਪੀਕਰ:** ਸਰਦਾਰ ਪਰਗਟ ਸਿੰਘ ਪੋਆਰ, ਵਿਸ਼ੇਸ਼ ਅਧਿਕਾਰ ਦੇ ਮਾਮਲਿਆਂ ਸਬੰਧੀ ਉਠਾਏ ਗਏ ਮਾਮਲਿਆਂ ਤੇ /ਦੂਜੀ/ਤੀਜੀ/ਚੌਥੀ/ਪੰਜਵੀ ਅੰਤਰਿਮ ਰਿਪੋਰਟ ਪੇਸ਼ ਕਰਨਗੇ:–

**ਸਰਦਾਰ ਪਰਗਟ ਸਿੰਘ ਪੋਆਰ, ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ:** ਸਪੀਕਰ ਸਾਹਿਬ, ਮੈਂ ਵਿਸ਼ੇਸ਼ ਅਧਿਕਾਰ ਦੇ ਮਾਮਲਿਆਂ ਸਬੰਧੀ ਨਿਮਨਲਿਖਤ ਦੁਆਰਾ ਉਠਾਏ ਗਏ ਮਾਮਲਿਆਂ ਤੇ /ਦੂਜੀ/ਤੀਜੀ/ਚੌਥੀ/ਪੰਜਵੀ ਅੰਤਰਿਮ ਰਿਪੋਰਟ ਪੇਸ਼ ਕਰਦਾ ਹਾਂ:–

i) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਲੋਂ ਸਰਦਾਰ ਸੁਖਬੀਰ ਸਿੰਘ ਬਾਦਲ, ਐਮ.ਐਲ.ਏ. (ਹੁਣ ਮੈਂਬਰ ਪਾਰਲੀਮੈਂਟ) ਦੇ ਵਿਰੁੱਧ;

ii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਲੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ;

---

**** Not recorded as ordered by the chair.

iii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iv) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

v) ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ. ਵਲੋਂ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਦੇ ਵਿਰੁੱਧ; ਅਤੇ

vi) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਲੋਂ ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੇ ਵਿਰੁੱਧ; ਅਤੇ

vii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵਲੋਂ ਸਰਦਾਰ ਸੁਖਬੀਰ ਸਿੰਘ ਬਾਦਲ, ਐਮ.ਐਲ.ਏ. (ਹੁਣ ਮੈਂਬਰ ਪਾਰਲੀਮੈਂਟ) ਦੇ ਵਿਰੁੱਧ।

---

## PAPERS LAID/RE LAID ON THE TABLE OF THE HOUSE

**ਮਾਨਯੋਗ ਸਪੀਕਰ** : ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮੇਜ਼ ਤੇ ਰੱਖਣ ਵਾਲੇ ਕਾਗਜ਼ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿਚ ਮੱਦ ਨੰ: VI ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 11 ਤੱਕ ਦੇ ਮੁੜ ਰੱਖੇ ਜਾਣ ਵਾਲੇ/ਰੱਖੇ ਜਾਣ ਵਾਲੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1) ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਨਿਯਮ, 2017 ਜਿਵੇਂ ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 166 ਅਧੀਨ ਲੋੜੀਂਦਾ ਹੈ।

2)

**i)** ਪੰਜਾਬ ਆਬਕਾਰੀ (ਸੋਧਨਾ) ਆਰਡੀਨੈਂਸ, 2019 (2019 ਦਾ ਪੰਜਾਬ ਆਰਡੀਨੈਂਸ ਨੰ: 2); ਅਤੇ

**ii)** ਪੰਜਾਬ ਖੇਡ ਯੂਨੀਵਰਸਿਟੀ ਆਰਡੀਨੈਂਸ, 2019 (2019 ਦਾ ਪੰਜਾਬ ਆਰਡੀਨੈਂਸ ਨੰ: 3),

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2)(ੳ) ਅਧੀਨ ਲੋੜੀਂਦਾ ਹੈ।

3) ਸਾਲ 2016-17 ਲਈ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੀ 20ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

4) ਸਾਲ 2016-17 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ 7ਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

5) ਸਾਲ 2017-18 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ

ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 34(5) ਅਧੀਨ ਲੋੜੀਂਦਾ ਹੈ।

6) ਸਾਲ 2016-17 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

7) ਸਾਲ 2016-17 ਲਈ ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਲਿਮਟਿਡ ਦੀ 51ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

8) ਸਾਲ 2015-16 ਅਤੇ 2016-17 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਵਿੱਤ ਕਾਰਪੋਰੇਸ਼ਨ ਦੀ ਬੈਲੰਸਸ਼ੀਟ ਅਤੇ ਲਾਭ ਅਤੇ ਹਾਨੀਆਂ ਦੇ ਲੇਖਿਆਂ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਜਿਵੇਂ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(5) ਅਧੀਨ ਲੋੜੀਂਦਾ ਹੈ।

9) ਸਾਲ 2016-17 ਲਈ ਪਟਿਆਲਾ ਸ਼ਹਿਰੀ ਯੋਜਨਾ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਆਡਿਟ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 53(5) ਅਧੀਨ ਲੋੜੀਂਦਾ ਹੈ।

10) ਸਾਲ 2016-17 ਲਈ ਪੰਜਾਬ ਸ਼ਹਿਰੀ ਯੋਜਨਾ ਅਤੇ ਵਿਕਾਸ ਅਥਾਰਟੀ ਦੇ ਸਾਲਾਨਾ ਲੇਖਿਆਂ ਦੇ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 53(5) ਅਧੀਨ ਲੋੜੀਂਦਾ ਹੈ।

11) ਸਾਲ 2017-18 ਲਈ ਪੰਜਾਬ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ, ਪੰਜਾਬ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਰੀਅਲ ਅਸਟੇਟ (ਵਿਨਿਯਮ ਅਤੇ ਵਿਕਾਸ) ਐਕਟ, 2016 ਦੀ ਧਾਰਾ 78 (2) ਅਧੀਨ ਲੋੜੀਂਦਾ ਹੈ।

(ਇਸ ਸਮੇਂ ਸਦਨ ਵਿੱਚ ਹਾਜਰ ਆਮ ਆਦਮੀ ਪਾਰਟੀ ਦੇ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਕੰਮ ਰੋਕੂ ਪ੍ਰਸਤਾਵ ਮਨਜ਼ੂਰ ਨਾ ਕਰਨ ਦੇ ਰੋਸ ਵੱਜੋਂ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਪਲੀਜ਼ ਬੈਠੋ, ਬੈਠੋ। ਸੀਟਾਂ ਤੇ ਬੈਠੋ।(ਵਿਘਨ...ਸ਼ੋਰ) ਅਡਜਰਨਮੈਂਟ ਮੋਸ਼ਨ ਨਿਯਮਾਂ ਮੁਤਾਬਿਕ ਲਗਦੀ ਹੈ। ਤੁਸੀਂ ਬੈਠੋ... ਬੈਠੋ... ਬੈਠੋ...।(ਵਿਘਨ,ਸ਼ੋਰ) ਬਿਲ ਆ ਰਿਹਾ ਹੈ, ਤੁਸੀਂ ਬਿਲ ਦੀ ਡਿਸਕਸ਼ਨ ਵਿਚ ਹਿੱਸਾ ਲਓ।(ਵਿਘਨ,ਸ਼ੋਰ) ਆਬਕਾਰੀ ਬਿਲ ਆ ਰਿਹਾ ਹੈ, ਉਸ ਦੀ ਡਿਸਕਸ਼ਨ ਵਿਚ ਹਿੱਸਾ ਲਓ। ਮੇਰੀ ਤੁਹਾਨੂੰ ਬੇਨਤੀ ਹੈ ਕਿ ਆਬਕਾਰੀ ਬਿਲ ਆ ਰਿਹਾ ਹੈ, ਉਸ ਦੀ ਡਿਸਕਸ਼ਨ ਵਿਚ ਹਿੱਸਾ ਲਓ।

**ਸ਼੍ਰੀ ਅਮਨ ਅਰੋੜਾ (ਵੈੱਲ ਆਫ ਦਿ ਹਾਊਸ ਵਿਚੋਂ):** ਸਪੀਕਰ ਸਾਹਿਬ, ਬਿਲ ਤੇ ਡਿਸਕਸ਼ਨ ਤਾਂ ਕਰੀਏ ਜੇ ਬਿਲ ਪਹਿਲਾਂ ਮਿਲਿਆ ਹੋਵੇ। ਬਿਲ 15 ਦਿਨ ਪਹਿਲਾਂ ਮਿਲਣਾ ਚਾਹੀਦਾ ਹੈ ਪਰ ਸਾਨੂੰ ਪੰਜ ਮਿੰਟ ਪਹਿਲਾਂ ਬਿਲ ਮਿਲਿਆ ਹੈ। ਹੁਣ ਅਸੀਂ ਕਿਹੜੇ ਇਸ਼ੂ ਤੇ ਡਿਸਕਸ਼ਨ ਕਰੀਏ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਤੁਹਾਡਾ ਕਹਿਣਾ ਠੀਕ ਹੈ।

**ਸ਼੍ਰੀ ਅਮਨ ਅਰੋੜਾ (ਵੈਲ ਆਫ ਦਿ ਹਾਊਸ ਵਿਚੋਂ):** ਸਪੀਕਰ ਸਾਹਿਬ, ਸਾਨੂੰ 15 ਦਿਨ ਪਹਿਲਾਂ ਬਿਲ ਮਿਲਣਾ ਚਾਹੀਦਾ ਹੈ ਪਰ ਮਿਲਦਾ ਸਾਨੂੰ ਪੰਜ ਮਿੰਟ ਪਹਿਲਾਂ ਹੈ। ਕੀ ਇਹ ਨਿਯਮਾਂ ਦੀ ਉਲੰਘਣਾ ਨਹੀਂ ਹੈ? ** **

---

** ** Not recorded as ordered by the chair.
** ** Expunged as ordered by the chair.

**ਮਾਨਯੋਗ ਸਪੀਕਰ:** ਠੀਕ ਹੈ, ਠੀਕ ਹੈ। ਲੀਡਰ ਆਫ ਦਿ ਆਪੋਜੀਸ਼ਨ ਵੀ ਮੀਟਿੰਗ ਵਿਚ ਸ਼ਾਮਲ ਸਨ। ਅਸੀਂ ਸੰਸਦੀ ਮਾਮਲੇ ਮੰਤਰੀ ਜੀ ਨੂੰ ਬੇਨਤੀ ਕੀਤੀ ਹੈ ਕਿ ਸਰਕਾਰ ਤੋਂ ਇਨਸ਼ੋਅਰ ਕਰਵਾਉਣ ਕਿ ਬਿਲ ਸਮੇਂ ਸਿਰ ਦਿੱਤੇ ਜਾਇਆ ਕਰਨ। ਮੈਂ ਇਸ ਗੱਲ ਦਾ ਹਾਮੀ ਹਾਂ...(ਵਿਘਨ,ਸ਼ੋਰ) ਮੈਂ ਇਸ ਗੱਲ ਦਾ ਹਾਮੀ ਹਾਂ। ਇਕ ਮਿੰਟ, ਬ੍ਰਹਮ ਮਹਿੰਦਰਾ ਜੀ ਤੋਂ ਜਵਾਬ ਲੈ ਲਈਏ।(ਵਿਘਨ..ਸ਼ੋਰ) ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ।

**ਸੰਸਦੀ ਮਾਮਲੇ ਮੰਤਰੀ:** ਸਪੀਕਰ ਸਾਹਿਬ, ਬਿਲ ਸਮੇਂ ਸਿਰ ਆਏ ਹਨ। ਕੱਲ ਸ਼ਾਮ ਨੂੰ ਹਰ ਮੈਂਬਰ ਦੇ ਘਰ ਬਿਲ ਡਿਲੀਵਰ ਕਰ ਦਿੱਤੇ ਗਏ ਸਨ। (ਵਿਘਨ....ਸ਼ੋਰ)

**ਵੈਲ ਆਫ ਦਿ ਹਾਊਸ ਵਿਚੋਂ ਅਵਾਜ਼ਾਂ:** ਬਿਲ 15 ਦਿਨ ਪਹਿਲਾਂ ਆਉਣੇ ਚਾਹੀਦੇ ਹਨ। ਇਹ ਗਲਤ ਗੱਲ ਹੈ। (ਵਿਘਨ....ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਸੀਟ ਤੇ ਜਾ ਕੇ ਗੱਲ ਕਰ ਲਓ।

**ਸੰਸਦੀ ਮਾਮਲੇ ਮੰਤਰੀ:** (ਆਮ ਆਦਮੀ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਆਓ ਸੀਟਾਂ ਤੇ ਆ ਕੇ ਗੱਲ ਕਰੋ, ਅਸੀਂ ਗੱਲ ਕਰ ਲੈਂਦੇ ਹਾਂ। ਅਸੀਂ ਭਵਿੱਖ ਵਿਚ ਇਨਸ਼ੋਅਰ ਕਰਾਂਗੇ। ਆਓ, ਬੈਠ ਕੇ ਗੱਲ ਕਰ ਲੈਂਦੇ ਹਾਂ (ਵਿਘਨ,ਸ਼ੋਰ)

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਤੁਸੀਂ ਸੀਟ ਤੇ ਜਾ ਕੇ ਗੱਲ ਕਰ ਲਓ। ਤੁਸੀਂ ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰ ਲਓ। (ਵਿਘਨ..ਸ਼ੋਰ)

**ਸ਼੍ਰੀ ਅਮਨ ਅਰੋੜਾ (ਵੈੱਲ ਆਫ ਦਿ ਹਾਊਸ ਵਿਚੋਂ):** ** **

**ਮਾਨਯੋਗ ਸਪੀਕਰ:** ਤੁਸੀਂ ਸੀਟਾਂ ਤੇ ਜਾ ਕੇ ਗੱਲ ਕਰੋ।You have raised a valid point. ਬ੍ਰਹਮ ਮਹਿੰਦਰਾ ਜੀ, ਬ੍ਰਹਮ ਮਹਿੰਦਰਾ ਜੀ, ਇਹ ਵੈਲਿਡ ਪੁਆਇੰਟ ਹੈ। (ਵਿਘਨ)(ਸ਼ੋਰ)

**ਸੰਸਦੀ ਮਾਮਲੇ ਮੰਤਰੀ:** ਸਪੀਕਰ ਸਾਹਿਬ, ਮੈਂ ਬਿਲਕੁਲ ਐਗਰੀ ਕਰਦਾ ਹਾਂ ਕਿ ਇਹ ਵੈਲਿਡ ਪੁਆਇੰਟ ਹੈ। ਮੈਂ ਚੀਫ ਮਨਿਸਟਰ ਸਾਹਿਬ ਨਾਲ ਇਹੀ ਡਿਸਕਸ ਕਰ ਰਿਹਾ ਸੀ ਕਿ ਸਾਡੇ ਅਫਸਰ ਸਾਹਿਬਾਨ ਸਾਨੂੰ ਟਾਈਮ ਤੇ ਬਿਲ ਤਿਆਰ ਕਰਕੇ ਦੇਣ ਤਾਂ ਕਿ ਅਸੀਂ ਇਹ ਹਾਊਸ ਨੂੰ ਜਲਦੀ ਦੇ ਸਕੀਏ।

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ ਜੀ, ਕੀ ਅਸੀਂ ਅੱਗੇ ਵਾਸਤੇ ਇਸ ਗੱਲ ਨੂੰ ਮੰਨ ਲਈਏ? (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸੰਸਦੀ ਮਾਮਲੇ ਮੰਤਰੀ:** ਸਰ, ਮੈਂ ਐਡਮਿਟ ਕਰਦਾ ਹਾਂ ਕਿ ਸਾਡੇ ਪਾਰਟ ਤੇ ਫੇਲੀਅਰ ਹੈ।ਅੱਗੇ ਤੋਂ ਅਜਿਹਾ ਨਹੀਂ ਹੋਵੇਗਾ।This I assure. (ਵਿਘਨ)(ਸ਼ੋਰ) ਸਰ, ਮੈਨੂੰ ਇੱਕ ਮਿੰਟ ਬੋਲ ਲੈਣ ਦਿਓ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ:** ** **

---

** ** Expunged as ordered by the chair.
** ** Not recorded as ordered by the chair.

**ਮਾਨਯੋਗ ਸਪੀਕਰ:** ਅਮਨ ਜੀ, ਸੀਟਾਂ ਤੇ ਖੜੇ ਹੋ ਕੇ ਗੱਲ ਕਰੋ। ਅਮਨ ਜੀ, ਸੀਟ ਤੇ ਜਾ ਕੇ ਗੱਲ ਕਰੋ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ:** **** (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਜੋ ਕੁਝ ਵੀ ਹੁਣ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਤੁਸੀਂ ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਚੱਲੋ। ਸੀਟਾਂ ਤੇ ਚੱਲੋ...ਸੀਟਾਂ ਤੇ ਚੱਲੋ। (ਵਿਘਨ)(ਸ਼ੋਰ)

**ਸੰਸਦੀ ਮਾਮਲੇ ਮੰਤਰੀ:** ਸਰ, ਮੈਂ ਐਸ਼ਿਓਰ ਕਰਦਾ ਹਾਂ... ਸਪੀਕਰ ਸਾਹਿਬ, ਮੈਂ ਐਸ਼ਿਓਰ ਕਰਦਾ ਹਾਂ, ਸਪੀਕਰ ਸਾਹਿਬ, ਮੈਂ ਐਸ਼ਿਓਰ ਕਰਦਾ ਹਾਂ।(ਵਿਘਨ,ਸ਼ੋਰ)

(ਇਸ ਸਮੇਂ ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ ਦੇ ਮੈਂਬਰ ਸੰਸਦੀ ਮਾਮਲੇ ਮੰਤਰੀ ਜੀ ਨੂੰ ਸੰਬੋਧਨ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਅਮਨ ਜੀ, ਇੱਧਰ ਗੱਲ ਕਰੋ। ਪਲੀਜ਼ ਬੈਠੋ... ਪਲੀਜ਼ ਬੈਠੋ... ਪਲੀਜ਼ ਬੈਠੋ।

**ਸੰਸਦੀ ਮਾਮਲੇ ਮੰਤਰੀ:** ਪਲੀਜ਼ ਆਪਣੀਆਂ ਸੀਟਾਂ ਤੇ ਬੈਠੋ। ਸੀਟਾਂ ਤੇ ਬੈਠ ਕੇ ਗੱਲ ਕਰ ਲਓ।

(ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਸਦਨ ਦੇ ਵੈੱਲ ਵਿੱਚ ਖੜ੍ਹੇ ਸਨ ਅਤੇ ਸਰਕਾਰ ਵਿਰੋਧੀ **** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ। ਹੁਣ ਮਾਨਯੋਗ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨਗੇ।

---

## LEGISLATIVE BUSINESS

### 1. THE PUNJAB EXCISE (AMEMDMENT) BILL, 2019

***(REPLACING ORDINANCE)***

**ਮਾਨਯੋਗ ਸਪੀਕਰ:** ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ।

**Chief Minister (Captain Amarinder Singh) :** Sir, I beg to introduce The Punjab Excise (Amendment) Bill, 2019.

Sir, I also beg to move -

That the Punjab Excise (Amendment) Bill, 2019, be taken into consideration at once.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੋਵੇ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਬਿਲ ਪਹਿਲਾਂ ਮਿਲਣਾ ਚਾਹੀਦਾ ਹੈ। ਸਰ, ਇਹ ਅਫਸਰ

---

**** Expunged as ordered by the chair.
**** Not recorded as ordered by the chair.

ਸਾਹਿਬਾਨ ਬਿਲ ਤਾਂ ਪਹਿਲਾਂ ਦੇਣ ਜੀ। (ਸ਼੍ਰੀ ਅਮਨ ਅਰੋੜਾ ਵੱਲ ਇਸ਼ਾਰਾ ਕਰਦੇ ਹੋਏ) He is right.

**ਮਾਨਯੋਗ ਸਪੀਕਰ:** ਠੀਕ ਹੈ, ਇਹ ਗੱਲ ਹੋ ਗਈ ਹੈ। ਇਹ issue ਆ ਗਿਆ ਹੈ। On the floor of the House, Parliamentary Minister has assured.

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਬਿਲ ਪਹਿਲਾਂ ਦੇਣਾ ਚਾਹੀਦਾ ਹੈ। ਅਫਸਰ ਸਾਹਿਬਾਨਾਂ ਦੀ ਇਹ ਡਿਊਟੀ ਲਗਾਉਣੀ ਚਾਹੀਦੀ ਹੈ । ਸ਼੍ਰੀ ਬ੍ਰਹਮ ਮਹਿੰਦਰਾ ਜੀ ਨੇ ਠੀਕ ਕਿਹਾ ਹੈ ਕਿ ਪਹਿਲਾਂ ਦੇਣਾ ਚਾਹੀਦਾ ਹੈ। ਜੇਕਰ ਬਿਲ ਹੀ ਟਾਈਮ ਤੇ ਨਹੀਂ ਦੇਣਾ ਤਾਂ ਉਸ ਤੇ ਆਪਾਂ ਕੀ ਬਹਿਸ ਕਰਾਂਗੇ?

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

---

## WALK-OUT

(All the members of the Aam Admi Party, present in the well of the House, except Shri Kanwar Sandhu and Sardar Pirmal Singh Dhaula (who remained seated and were not present in the well of the House but later-on went out of the House), !! !!raising slogans, staged a Walk-out from the House regarding rejection of an Adjournment Motion, on everyday increase in the tariff of electricity and also non-receipt of the Bills in time).

---

## THE PUNJAB EXCISE (AMENDMENT) BILL, 2019 (RESUMPTION)

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਮਾਨਯੋਗ ਮੁੱਖ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Chief Minister (Captain Amarinder Singh):** Sir, I beg to move that the Punjab Excise (Amendment) Bill, 2019 be passed.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

## 2. THE MAHARAJA BHUPINDER SINGH PUNJAB SPORTS UNIVERSITY BILL, 2019 *(REPLACING ORDINANCE)*

**ਮਾਨਯੋਗ ਸਪੀਕਰ:** ਰਾਣਾ ਗੁਰਮੀਤ ਸਿੰਘ ਸੋਢੀ, ਖੇਡ ਮੰਤਰੀ ਜੀ ਬਿਲ ਪੇਸ਼ ਕਰਨਗੇ।

**ਖੇਡਾਂ ਅਤੇ ਯੁਵਕ ਮਾਮਲੇ ਮੰਤਰੀ (ਰਾਣਾ ਗੁਰਮੀਤ ਸਿੰਘ ਸੋਢੀ)**: ਸ਼੍ਰੀਮਾਨ ਜੀ, ਮੈਂ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2 ਅਤੇ 3)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2 ਅਤੇ 3) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 38**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 38 ਤੱਕ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 38 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Sports and Youth Affairs (Rana Gurmeet Singh Sodhi)**L Sir, I beg to move^

That the Maharaja Bhupinder Singh Punjab Sports University Bill, 2019 be passed.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਬਿਲ, 2019 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਸਦਨ, ਮੰਗਲਵਾਰ, ਮਿਤੀ 06 ਅਗਸਤ, 2019 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*12.53 ਵਜੇ ਬਾਅਦ ਦੁਪਹਿਰ — (*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 06 ਅਗਸਤ, 2019 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)